ਗੁਰੂ ਨਾਨਕ ਸਾਹਿਬ ਨੇ ਉਸ ਵੇਲੇ ਦੇ ਧਰਮੀ ਤੇ ਗਿਆਨੀ ਕਹਾਉਣ ਵਾਲੇ ਬ੍ਰਾਹਮਣਾਂ ਤੇ ਜੋਗੀਆਂ ਨਾਲ ਵੀ ਕਈ ਵਿਚਾਰ-ਗੋਸ਼ਟੀਆਂ ਕੀਤੀਆਂ ਤੇ ਉਨ੍ਹਾਂ ਦੇ ਗਿਆਨ ਨੂੰ ਝੂਠਾ ਸਾਬਤ ਕਰਕੇ ਸੱਚਾ ਰੱਬੀ ਗਿਆਨ ਬਖਸ਼ਿਆ। 'ਆਸਾ ਦੀ ਵਾਰ' ਦੀ ਬਾਣੀ ਵਿਚ ਉਨ੍ਹਾਂ ਬ੍ਰਾਹਮਣਾਂ ਦੇ ਪਾਖੰਡਾਂ ਦਾ ਸਾਰਾ ਪਾਜ ਉਘੇੜਿਆ ਹੋਇਆ ਹੈ। ਇਸੇ ਤਰ੍ਹਾਂ 'ਜਪੁਜੀ ਸਾਹਿਬ' ਦੀ ਬਾਣੀ ਵਿਚ ਵੀ ਜੋਗੀਆਂ ਨਾਲ ਹੋਈ ਗੱਲਬਾਤ ਦੇ ਅਧਾਰ ਤੇ ਉਨ੍ਹਾਂ ਆਪਣੇ ਵਿਚਾਰ ਸਿੱਖਾਂ ਨੂੰ ਲਿਖਕੇ ਦਿੱਤੇ ਹੋਏ ਹਨ, ਜਿਸਦੀ ਸ਼ੁਰੂਆਤ ਹੀ 'ਆਦਿ ਸਚੁ ਜੁਗਾਦਿ ਸਚੁ'।। ਹੈ ਭੀ ਸਚੁ ਨਾਨਕ ਹੋਸੀ ਭੀ ਸਚੁ' ਤੋਂ ਹੁੰਦੀ ਹੈ। ਬ੍ਰਾਹਮਣਾਂ/ਜੋਗੀਆਂ ਦੇ ਫੈਲਾਏ ਝੂਠ ਤੇ ਪਾਖੰਡ ਦੇ ਇਸ ਮਾਇਆਜਾਲ ਤੋਂ ਮੁਕਤੀ ਹਾਸਲ ਕਰਨ ਲਈ ਉਨ੍ਹਾਂ ਲੋਕਾਈ ਨੂੰ ਸੱਚੇ ਰੱਬ ਦੇ ਲੜ ਲੱਗਣ ਦਾ ਉਪਦੇਸ਼ ਦਿੱਤਾ। ਉਨ੍ਹਾਂ ਇਹੀ ਦੱਸਿਆ ਕਿ ਜਿਥੇ ਸੱਚ ਹੋਵੇਗਾ, ਉਥੇ ਹੀ ਰੱਬ ਦਾ ਵਾਸਾ ਹੋਵੇਗਾ। 'ਸੱਚਖੰਡਿ ਵਸੈ ਨਿਰੰਕਾਰ' ਦਾ ਮਤਲਬ ਇਹੀ ਹੈ। ਝੂਠ ਤੇ ਪਾਖੰਡ ਦੇ ਵਰਤਾਰੇ ਵਿਚ ਗੁਰੂ ਨਾਨਕ ਸਾਹਿਬ ਦੀ ਨਿਰਾਲੀ ਸੋਚ ਨੇ ਲੋਕਾਈ ਨੂੰ ਇਕ ਨਵਾਂ ਰਾਹ ਦਰਸਾਇਆ।

ਸੱਚੇ-ਸੁੱਚੇ ਗਿਆਨ ਦੀ ਰੌਸ਼ਨੀ ਵੰਡਣ ਲਈ ਗੁਰੂ ਨਾਨਕ ਸਾਹਿਬ ਸੰਸਾਰ ਵਿਚ ਜਿਥੇ-ਜਿਥੇ ਵੀ ਗਏ, ਲੋਕ ਉਨ੍ਹਾਂ ਨਾਲ ਸਹਿਮਤ ਹੁੰਦੇ ਚਲੇ ਗਏ। ਚਾਹੇ ਉਹ ਜੋਗੀਆਂ/ਸਿੱਧਾਂ ਨਾਲ ਵਿਚਾਰ-ਗੋਸ਼ਟੀਆਂ ਦੀ ਗੱਲ ਹੋਵੇ, ਹਰਿਦੁਆਰ ਵਿਚ ਸੂਰਜ ਨੂੰ ਪਾਣੀ ਦੇਣ ਦੀ ਗੱਲ ਹੋਵੇ, ਮੱਕੇ ਵਿਚ ਅੱਲ੍ਹਾ ਦੇ ਘਰ ਦੀ ਗੱਲ ਹੋਵੇ, ਹਰ ਥਾਂ ਹੀ ਉਨ੍ਹਾਂ ਨੇ ਆਪਣੀਆਂ ਸੱਚੀਆਂ-ਸੁਚੀਆਂ ਦਲੀਲਾਂ ਨਾਲ ਲੋਕਾਈ ਨੂੰ ਕਾਇਲ ਕੀਤਾ। ਗੁਰੂ ਨਾਨਕ ਸਾਹਿਬ ਦਾ ਸਮੁੱਚਾ ਜੀਵਨ ਮਾਨਵਤਾ ਨੂੰ ਇਕ ਰੱਬ ਦੇ ਲੜ ਲਾਉਣ ਨੂੰ ਸਮਰਪਤ ਸੀ। ਉਨ੍ਹਾਂ ਸਾਰੀ ਉਮਰ ਆਪਣੀ ਗੱਲ ਦਲੀਲ ਨਾਲ ਕਹੀ ਤੇ ਮੰਨਵਾਈ। ਵਹਿਮਾਂ, ਭਰਮਾਂ, ਪਾਖੰਡਾਂ, ਅਨਪੜ੍ਹਤਾ, ਗਰੀਬੀ ਆਦਿ ਨੂੰ ਦੂਰ ਕਰਨ ਲਈ ਉਨ੍ਹਾਂ 'ਕਿਰਤ ਕਰੋ, ਨਾਮ ਜਪੋ, ਵੰਡ ਛਕੋ' ਦਾ ਸਿਧਾਂਤ ਪ੍ਰਚਾਰਿਆ। ਉਨ੍ਹਾਂ ਦੇ ਗਿਆਨ ਦਾ ਧੁਰਾ 'ਸੱਚ' ਸੀ ਤੇ ਇਸੇ ਦੇ ਦੁਆਲੇ ਉਨ੍ਹਾਂ ਲੋਕਾਈ ਦਾ ਕਿਰਦਾਰ ਘੜਨ ਤੇ ਜ਼ੋਰ ਦਿੱਤਾ। 'ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ' ਤੇ 'ਸਚਹੁ ਉਰੈ ਸਭੁ ਕੋ ਉਪਰਿ ਸਚੁ ਅਚਾਰੁ' ਵਰਗੇ ਫੁਰਮਾਨ ਇਸਦੀ ਗਵਾਹੀ ਦਿੰਦੇ ਹਨ।

ਗੁਰੂ ਨਾਨਕ ਸਾਹਿਬ ਦੀ ਸਮੁੱਚੀ ਬਾਣੀ ਵਿਚ 'ਸਤਿ' ਜਾਂ 'ਸਚੁ' ਜਾਂ 'ਸਚਿਆਰ' ਲਫਜ਼ ਜ਼ਿਆਦਾ ਹੋਣ ਦਾ ਕਾਰਣ ਇਹੀ ਹੈ ਕਿ ਉਹ ਲੋਕਾਈ ਨੂੰ ਝੂਠ-ਪਾਖੰਡ ਦੇ ਮਕੜਜਾਲ ਵਿਚੋਂ ਕੱਢ ਕੇ ਸੱਚ ਦੇ ਲੜ ਲਾਉਣਾ ਚਾਹੁੰਦੇ ਸਨ, ਜਿਸ ਵਿਚ ਉਨ੍ਹਾਂ ਨੂੰ ਵੱਡੀ ਕਾਮਯਾਬੀ ਮਿਲੀ। ਕਰੋੜਾਂ ਲੋਕ ਉਨ੍ਹਾਂ ਦੇ ਸਿੱਖ ਬਣ ਗਏ। ਉਨ੍ਹਾਂ ਆਪਣੇ ਮਿਸ਼ਨ ਨੂੰ ਅੱਗੇ ਵਧਾਉਣ ਲਈ ਇਕ ਅਨਿੰਨ ਸਿੱਖ ਭਾਈ ਲਹਿਣੇ ਦੀ ਚੋਣ ਕੀਤੀ ਤੇ ਉਸਨੂੰ 'ਗੁਰੂ ਅੰਗਦ' ਬਣਾਇਆ ਕਿਉਂਕਿ ਗੁਰੂ ਨਾਨਕ ਸਾਹਿਬ ਇਹ ਜਾਣਦੇ ਸਨ ਕਿ ਝੂਠ-ਪਾਖੰਡ ਦੇ ਇਸ ਵੱਡੇ ਵਰਤਾਰੇ ਨੂੰ ਠੱਲ੍ਹ ਪਾਉਣ ਲਈ ਕਈ ਜਾਮੇ ਧਾਰਨ ਕਰਨੇ ਪੈਣੇ ਹਨ। 'ਗੁਰੂ ਅੰਗਦ' ਮਗਰੋਂ ਇਹ ਲੜੀ 'ਗੁਰੂ ਗੋਬਿੰਦ ਸਿੰਘ ਜੀ' ਤਕ ਚੱਲਦੀ ਗਈ ਤੇ ਅਖੀਰ 'ਗੁਰੂ ਗ੍ਰੰਥ ਸਾਹਿਬ' ਨੂੰ ਸਿੱਖਾਂ ਦਾ ਗੁਰੂ ਦਰਸਾਉਣ ਮਗਰੋਂ ਇਸ ਦੁਨੀਆਂ ਵਿਚੋਂ ਅਲੋਪ ਹੋ ਗਈ। ਅੱਜ ਗੁਰੂ ਨਾਨਕ ਸਾਹਿਬ ਦਾ ਚਲਾਇਆ 'ਸੱਚ' ਦਾ ਇਹ ਧਰਮ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰ ਰਿਹਾ ਹੈ, ਜਿਨ੍ਹਾਂ ਦਾ ਮੁਕਾਬਲਾ ਕਰਨ ਲਈ ਹਰ ਗੁਰੂ ਨਾਨਕ ਨਾਮ ਲੇਵਾ ਸਿੱਖ ਨੂੰ ਕਮਰਕੱਸੇ ਕਰਨੇ ਚਾਹੀਦੇ ਹਨ।

# ਕੀ ਅਸੀਂ ਕਦੇ ਗੁਰੂ ਨਾਨਕ ਸਾਹਿਬ ਦੇ ਸੱਚੇ ਸਿੱਖ ਵੀ ਬਣ ਸਕਾਂਗੇ?

—ਬਘੇਲ ਸਿੰਘ ਧਾਲੀਵਾਲ

ਸਿੱਖ ਧਰਮ ਦੀ ਸਥਾਪਨਾ ਹੀ ਜ਼ਬਰ ਜ਼ੁਲਮ ਨਾਲ ਟੱਕਰ ਲੈਣ ਦੇ ਮੰਤਵ ਹਿਤ ਕੀਤੀ ਗਈ ਸੀ, ਜਿਹੜੀ ਪੰਦ੍ਰਵੀਂ ਸਦੀ ਦੇ ਸੱਤਵੇਂ ਦਹਾਕੇ ਤੋਂ ਸ਼ੁਰੂ ਹੋ ਕੇ ਸਤਾਰ੍ਹਵੀਂ ਸਦੀ ਦੇ ਅੰਤ ਤੱਕ ਆਣੀ ਪਰਪੱਕਤਾ ਨੂੰ ਅਸਲ ਪਛਾਣ ਦੇਣ ਵਿਚ ਕਾਮਯਾਬ ਹੋ ਗਈ। ਭਗਤੀ ਲਹਿਰ ਤੋਂ ਬਾਅਦ ਜੇ ਕਿਸੇ ਧਾਰਮਿਕ ਰਹਿਬਰ ਨੇ ਸਮੇਂ ਦੀ ਹਕੂਮਤ ਖ਼ਿਲਾਫ ਝੰਡਾ ਚੁੱਕਣ ਦੀ ਜੁਰਅਤ ਕੀਤੀ ਤਾਂ ਉਹ ਸਿੱਖ ਧਰਮ ਦੇ ਸੰਸਥਾਪਕ, ਇਨਕਲਾਬ ਦੇ ਮੋਢੀ ਕ੍ਰਾਂਤੀਕਾਰੀ ਸ੍ਰੀ ਗੁਰੂ ਨਾਨਕ ਸਾਹਿਬ ਜੀ ਹੀ ਅਜਿਹੇ ਯੁੱਗ ਪੁਰਸ਼ ਹੋਏ ਹਨ, ਜਿੰਨਾਂ ਨੇ ਸਮੇਂ ਦੀ ਹਕੂਮਤ ਖ਼ਿਲਾਫ਼ ਬੇਝਿਜਕ ਆਵਾਜ਼ ਬੁਲੰਦ ਕੀਤੀ, ਬੇਖੌਫ ਹੋ ਕੇ ਜ਼ਬਰ ਜ਼ੁਲਮ ਖਿਲਾਫ ਸੱਚ ਲਿਖਣ ਦੀ ਹਿੰਮਤ ਕੀਤੀ। ਗੁਰੂ ਨਾਨਕ ਸਾਹਿਬ ਜੀ ਨੇ ਬਾਬਰ ਜਾਬਰ ਦੇ ਜ਼ੁਲਮ ਅੱਗੇ ਕੰਡ ਨੀਵੀਂ ਕਰਕੇ ਅੰਦਰ ਵੜੇ ਰਹਿਣ ਨਾਲੋਂ ਆਪਣੀ ਕਲਮ ਨੂੰ ਤਲਵਾਰ ਬਣਾ ਕੇ ਹਰ ਤਰ੍ਹਾਂ ਦੇ ਸਰਕਾਰੀ ਜਬਰ ਜੁਲਮ ਵਿਰੁੱਧ ਨਿਡਰਤਾ ਨਾਲ ਆਵਾਜ਼ ਉੱਚੀ ਕੀਤੀ। ਬਾਬਰ ਨੂੰ ਜਾਬਰ ਕਹਿਣ ਵਾਲੀ ਇੱਕੋ ਇੱਕ ਸ਼ਖ਼ਸੀਅਤ ਸਾਹਿਬ ਸ੍ਰੀ ਗੁਰੂ ਨਾਨਕ ਸਾਹਿਬ ਜੀ ਤੋਂ ਵਗ਼ੈਰ ਹੋਰ ਕਿਸੇ ਵੀ ਧਰਮ ਦੇ ਧਾਰਮਿਕ ਰਹਿਬਰ ਦਾ ਜ਼ਿਕਰ ਇਤਿਹਾਸ ਵਿਚ ਨਹੀਂ ਮਿਲਦਾ, ਜਿਸ ਨੇ ਸਮੇਂ ਦੀ ਹਕੂਮਤ ਨਾਲ ਸਿੱਧਾ ਟਾਕਰਾ ਲੈਣ ਦੀ ਹਿੰਮਤ ਦਿਖਾਈ ਹੋਵੇ, ਮੌਤੋਂ ਬੇਪਰਵਾਹ ਹੋ ਕੇ ਸੱਚ ਕਹਿਣ ਦੀ ਇਹ ਹਿੰਮਤ ਅਤੇ ਦਲੇਰੀ ਸਿੱਖ ਗੁਰੂਆਂ ਦੇ ਹਿੱਸੇ ਵਿਚ ਹੀ ਆਈ ਹੈ, ਜਿਸ ਨੂੰ ਝੁਠਲਾਇਆ ਨਹੀਂ ਜਾ ਸਕਦਾ। ਉਹ ਗੁਰੂ ਨਾਨਕ ਸਾਹਿਬ ਹੀ ਸਨ ਜਿੰਨਾ ਨੇ ਸਰਕਾਰ ਦੇ ਗੈਰ ਮਨੁੱਖੀ ਵਤੀਰੇ ਪ੍ਰਤੀ ਸਿੱਧੇ ਰੂਪ ਵਿਚ ਆਪਣਾ ਪ੍ਰਤੀਕਰਮ ਪ੍ਰਗਟ ਹੋਵੇ। ਬਾਬਰ ਦੇ ਖ਼ਿਲਾਫ ਲਿਖਣ, ਬੋਲਣ ਦੀ ਕੀਮਤ ਗੁਰੂ ਨਾਨਕ ਸਾਹਿਬ ਨੂੰ ਜੇਲ੍ਹ ਦੀਆਂ ਚੱਕੀਆਂ ਪੀਸਣ ਦੀ ਸਖਤ ਸਜ਼ਾ ਨਾਲ ਵੀ ਉਤਾਰਨੀ ਪਈ ਪਰੰਤੂ ਹਕੂਮਤਾਂ ਦੇ ਜਬਰ ਦਾ ਕਹਿਰ ਵੀ ਉਨ੍ਹਾਂ ਦੀ ਦ੍ਰਿੜਤਾ ਡੁਲ੍ਹਾਅ ਨਾ ਸਕਿਆ ਬਲਕਿ ਉਨ੍ਹਾਂ ਨੂੰ ਹੋਰ ਹਿੰਮਤ ਅਤੇ ਹੌਂਸਲੇ ਨਾਲ ਆਪਣੇ ਮਿਸ਼ਨ ਵੱਲ ਅਡੋਲਤਾ ਨਾਲ ਵਧਦੇ ਜਾਣ ਲਈ ਪਰਪੱਕ ਕਰ ਗਿਆ। ਅਜਿਹੇ ਇਨਕਲਾਬੀ ਸੰਸਥਾਪਕ ਦੀ ਕੌਮ ਜਿਹੜੀ ਹਰ ਸਮੇਂ ਗੱਲ ਗੱਲ ਤੇ ਉਨ੍ਹਾਂ ਨੂੰ ਯਾਦ ਵੀ ਰਖਦੀ ਹੋਵੇ ਅਤੇ ਉਨ੍ਹਾਂ ਦੇ ਸਿੱਖ ਅਖਵਾਉਣ ਤੇ ਮਾਣ ਵੀ ਕਰਦੀ ਹੋਵੇ ਪਰ ਉਹਦੇ ਦੱਸੇ ਸੱਚ ਦੇ ਰਸਤੇ ਤੇ ਚੱਲਣ ਤੋਂ ਅਸਮਰਥ ਕਿਉਂ ਹੁੰਦੀ ਜਾ ਰਹੀ ਹੈ। ਅੱਜ ਜਦੋਂ ਅਸੀਂ ਸਾਹਿਬ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਜਨਮ ਦਿਹਾੜੇ ਤੇ ਉਨ੍ਹਾਂ ਨੂੰ ਯਾਦ ਕਰ ਰਹੇ ਹਾਂ, ਤਾਂ ਇਹਨਾਂ ਕਾਰਨਾਂ ਦੀ ਵੀ ਘੋਖ ਕਰਨੀ ਬਣਦੀ ਹੈ ਜਿਹੜੇ ਸਿੱਖ ਨੂੰ ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਤੋਂ ਦੂਰ ਲਿਜਾ ਰਹੇ ਹਨ। ਆਮ ਤੌਰ ਤੇ ਸੱਚੇ ਨਾਨਕ ਨਾਮ ਲੇਵਾ ਸਿੱਖ ਤਾਂ ਗੁਰਪੁਰਬ ਜਾਂ ਸ਼ਹੀਦੀ ਦਿਹਾੜਿਆਂ ਮੌਕੇ ਲੰਗਰਾਂ ਦੀ ਸੇਵਾ ਜਾਂ ਗੁਰਦੁਆਰਿਆਂ ਵਿਚ ਜੁੱਤੀ ਜੋੜਿਆਂ ਦੀ ਸੇਵਾ ਜਾਂ ਫਿਰ ਸ਼ਰਧਾ ਪੂਰਵਕ ਦਰਸ਼ਨ ਇਸ਼ਨਾਨ ਕਰਦੇ ਦੇਖੇ ਜਾ ਸਕਦੇ ਹਨ ਜਦੋਂ ਕਿ ਸਿੱਖਾਂ ਦੇ ਧਾਰਮਿਕ ਅਤੇ ਰਾਜਸੀ ਆਗੂ ਨਾਨਕ ਦੇ ਸਿੱਖ ਰਹੇ ਹੀ ਨਹੀਂ, ਉਹ ਜਾਂ ਤਾਂ ਸਿਆਸੀ ਸਿੱਖ ਹੋ ਗਏ ਹਨ ਜਾਂ ਡੇਰੇਦਾਰਾਂ ਦੇ ਸਿੱਖ ਬਣ ਕੇ ਰਹਿ ਗਏ ਹਨ ਪਰੰਤੂ ਨਾਨਕ ਦੇ ਸਿੱਖ ਉਹ ਕਦੇ ਵੀ ਨਹੀਂ ਬਣੇ ਸਨ ਨਾਂ ਹੀ ਬਣਨ ਦੀ ਸੰਭਾਵਨਾ ਲੱਗਦੀ ਹੈ। ਸਿੱਖ ਕੌਮ ਦੇ ਨਿਘਾਰ ਵੱਲ ਜਾਣ ਦੇ ਮੁੱਖ ਕਾਰਨ ਵੀ ਇਹ ਵੀ ਸਮਝੇ ਜਾ ਸਕਦੇ ਕਿ ਸਿੱਖ ਆਗੂ ਕਦੇ ਵੀ ਆਪਣੇ ਗੁਰੂ ਦੇ ਸਿੱਖ ਬਣ ਕੇ ਨਹੀਂ ਰਹੇ, ਬਲਕਿ ਸਿੱਖ ਦੁਸ਼ਮਣ ਤਾਕਤਾਂ

ਦੀ ਕਠਪੁਤਲੀ ਬਣ ਕੇ ਨੱਚਣ ਵਾਲੇ ਮਦਾਰੀ ਬਣ ਕੇ ਰਹਿ ਗਏ ਹਨ, ਜਿਹੜੇ ਨਿੱਜੀ ਲੋਭ ਲਾਲਸਾ ਵਿਚ ਗਰਕ ਹੋ ਕੇ ਨਾਗਪੁਰ ਦੇ ਤੇ ਆਪਣੇ ਗੁਰੂ ਨੂੰ ਪਿੱਠ ਦਿਖਾ ਕੇ ਉਨ੍ਹਾਂ ਵੱਲੋਂ ਦਿਖਾਏ ਰਸਤੇ ਤੇ ਚੱਲਣ ਦੀ ਵਜਾਏ ਗੁਰੂ ਦੇ ਸਿਧਾਂਤਾਂ ਨੂੰ ਤੋੜਨ ਮਰੋੜਨ ਦੇ ਗੁਨਾਹਗਾਰ ਬਣ ਗਏ ਹਨ। ਗੁਰੂ ਨਾਨਕ ਸਾਹਿਬ ਨੇ ਜਿਹੜੇ ਸਿਸਟਮ ਦੇ ਖ਼ਿਲਾਫ ਆਪਣਾ ਵੱਖਰਾ ਪੰਥ ਚਲਾਇਆ, ਜਿਹੜੇ ਪਾਖੰਡਵਾਦ, ਅਡੰਬਰ ਵਾਦ, ਵਹਿਮਾਂ ਭਰਮਾਂ 'ਚੋਂ ਕੱਢਣ ਖ਼ਾਤਰ ਇਹਨਾਂ ਫੋਕੇ ਕਰਮ ਕਾਂਡਾਂ ਨੂੰ ਨਕਾਰ ਕੇ ਇੱਕ ਅਜਿਹੀ ਕੌਮ ਦੀ ਇੱਕ ਅਜਿਹੇ ਧਰਮ ਦੀ ਸਥਾਪਨਾ ਕੀਤੀ ਜਿਸ ਨੇ ਅੱਗੇ ਚੱਲਕੇ ਵੱਡੇ ਤੇ ਝੂਠੇ ਦੁਨਿਆਵੀ ਤਖ਼ਤਾਂ ਨੂੰ ਨਾਨਕ ਦੇ ਸਿੱਖ ਅੱਗੇ ਝੁਕਣ ਲਈ ਹੀ ਨਹੀਂ ਬਲਕਿ ਆਤਮ ਸਮਰਪਣ ਕਰਨ ਲਈ ਮਜਬੂਰ ਕਰ ਦਿੱਤਾ। ਉਹ ਨਾਨਕ ਸਾਹਿਬ ਦੇ ਨਿਆਰੇ ਪੰਥ ਦੀ ਸੰਪੂਰਨਤਾ 'ਚੋਂ ਪੈਦਾ ਹੋਏ ਸੱਚੇ ਸਿੱਖ ਹੀ ਸਨ ਜਿੰਨਾਂ ਨੇ ਸਰਹਿੰਦ ਦੀ ਇੱਟ ਨਾਲ ਇੱਟ ਖੜਕਾ ਕੇ ਖਾਲਸਾ ਰਾਜ ਦੇ ਝੰਡੇ ਗੱਡ ਦਿੱਤੇ ਅਤੇ ਆਪਣੇ ਨਾਮ ਦੇ ਨਹੀਂ ਬਲਕਿ ਸਾਹਿਬ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਨਾਮ ਤੇ ਸਿੱਕੇ ਜਾਰੀ ਕਰਕੇ ਦੁਨੀਆਂ ਦੇ ਲੋਕਾਂ ਨੂੰ ਸੱਚੇ ਸਿੱਖ ਦੀ ਪਰਿਭਾਸ਼ਾ ਤੋਂ ਜਾਣੂ ਕਰਵਾ ਦਿੱਤਾ ਤੇ ਰਾਜ ਭਾਗ ਦੇ ਜਾਨ ਬਚਾਉਣ ਖਾਤਰ ਗੁਰੂ ਤੋਂ ਬੇਮੁਖ ਹੋ ਕੇ ਈਨ ਮੰਨਣ ਨਾਲੋਂ ਆਪਣਾ ਮਾਸ ਜੰਬੂਰਾਂ ਨਾਲ ਨੁਚਵਾ ਲੈਣ ਨੂੰ ਪਹਿਲ ਦੇ ਕੇ ਦੁਨੀਆਂ ਨੂੰ ਇਹ ਵੀ ਦੱਸ ਦਿੱਤਾ ਕਿ ਜੇ ਸਿੱਖ ਬਹਾਦਰੀ ਨਾਲ ਲੜਕੇ ਰਾਜ ਭਾਗ ਪ੍ਰਾਪਤ ਕਰਕੇ ਬਾਦਸ਼ਾਹੀਆਂ ਕਰ ਸਕਦਾ ਹੈ ਤਾਂ ਲੋੜ ਪੈਣ ਤੇ ਇਹਨਾਂ ਬਾਦਸ਼ਾਹੀਆਂ ਦੇ ਖੁਸ ਜਾਣ ਨਾਲ ਥਿੜਕਦਾ ਜਾਂ ਹਾਲਤਾਂ ਨਾਲ ਸਮਝੌਤਾ ਕਰਕੇ ਨਿਗੁਰਾ ਨਹੀਂ ਹੋ ਸਕਦਾ ਬਲਕਿ ਬਹਾਦਰੀ ਨਾਲ ਸ਼ਹਾਦਤਾਂ ਪ੍ਰਾਪਤ ਕਰਕੇ ਆਪਣੇ ਗੁਰੂ ਦੀਆਂ ਖੁਸ਼ੀਆਂ ਲੈਣ ਨੂੰ ਪਹਿਲ ਦਿੰਦਾ ਹੈ।

ਉਪਰੋਕਤ ਸਮੇਂ ਦੇ ਨਾਨਕ ਨਾਮ-ਲੇਵਾ ਸਿੱਖਾਂ ਨਾਲੋਂ ਅੱਜ ਦੇ ਸਿੱਖਾਂ ਦਾ ਜ਼ਮੀਨ ਅਸਮਾਨ ਜਿੰਨਾ ਅੰਤਰ ਹੈ। ਅੱਜ ਦਾ ਸਿੱਖ ਰਾਜਭਾਗ ਖ਼ਾਤਰ ਸਿੱਖੀ ਨੂੰ ਖ਼ਤਮ ਕਰਨ ਵਾਲੇ ਸਮਝੌਤਿਆਂ ਤੇ ਦਸਤਖਤ ਕਰਦਾ ਹੈ, ਰਾਜ ਸੱਤਾ ਦੀ ਕੁਰਸੀ ਆਪਣੇ ਪਰਿਵਾਰ ਲਈ ਸੁਰੱਖਿਅਤ ਰੱਖਣ ਲਈ ਆਪਣੀ ਕੌਮ ਦੀ ਨਸਲਕੁਸ਼ੀ ਦਾ ਗੁਨਾਹਗਾਰ ਬਣਦਾ ਹੈ, ਸ਼ਹਾਦਤਾਂ ਦੇ ਸਮੇਂ ਭੋਲੇ ਭਾਲੇ ਸਿੱਖਾਂ ਨੂੰ ਅੱਗੇ ਲਾਕੇ ਆਪ ਹੱਥ ਖੜੇ ਕਰ ਆਪਣੀ ਜਾਨ ਬਖਸ਼ੀ ਕਰਵਾ ਕੇ ਮੁੜ ਕੁਰਸੀ ਨੂੰ ਚਿੰਬੜ ਜਾਂਦਾ ਹੈ ਤੇ ਫਿਰ ਆਪਦੀ ਕੌਮ ਤੇ ਜ਼ੁਲਮ ਢਾਹੁਣ ਦਾ ਕੋਈ ਮੌਕਾ ਹੱਥੋਂ ਨਹੀਂ ਜਾਣ ਦਿੰਦਾ। ਅੱਜ ਦਾ ਸਿੱਖ ਆਪਣਾ ਰਾਜ ਭਾਗ ਸਥਾਪਤ ਰੱਖਣ ਲਈ ਆਪਣੀ ਹੀ ਕੌਮ ਦੇ ਭਵਿੱਖ ਨੂੰ ਖਤਮ ਕਰਨ ਲਈ ਮਾਰੂ ਨਸ਼ਿਆਂ ਦੀਆਂ ਨਹਿਰਾਂ ਦੇ ਬੰਨ੍ਹ ਖੋਲ੍ਹ ਦਿੰਦਾ ਹੈ, ਪਿੰਡਾਂ ਵਿਚ ਘਰ ਘਰ ਅੰਦਰ ਸਿਵੇ ਵਾਲ ਦਿੰਦਾ ਹੈ, ਅਤੇ ਇਹਨਾਂ ਅਲਾਮਤਾਂ ਤੋਂ ਬਚ ਚੁੱਕੇ ਲੋਕਾਂ ਨੂੰ ਖੁਦਕੁਸ਼ੀਆਂ ਦੇ ਰਾਹ ਤੋਰਨ ਲਈ ਮਜਬੂਰ ਕਰ ਦਿੰਦਾ ਹੈ, ਫਿਰ ਵੀ ਸਿੱਖ ਆਗੂ ਬਣਿਆ ਰਹਿੰਦਾ ਹੈ। ਕੀ ਇਹ ਸਿਆਸੀ ਸਿੱਖ ਕਦੇ ਨਾਨਕ ਦੇ ਅਸਲ ਸਿੱਖ ਬਣਨਗੇ? ਇਹ ਸਵਾਲ ਜਿਉਂ ਦਾ ਤਿਉਂ ਖੜਾ ਹੈ। ਜਿੰਨੀ ਦੇਰ ਸਿੱਖ ਆਪਣੇ ਗੁਰੂ ਦੇ ਦੱਸੇ ਮਾਰਗ ਤੇ ਪਰਪੱਕਤਾ ਨਾਲ ਨਹੀਂ ਚਲਦਾ ਓਨੀ ਦੇਰ ਖੁਆਰੀਆਂ ਹੀ ਖਟਦਾ ਰਹੇਗਾ। ਸੋ ਆਓ ਗੁਰੂ ਨਾਨਕ ਸਾਹਿਬ ਜੀ ਨੂੰ ਸੱਚੇ ਦਿਲੋਂ ਯਾਦ ਕਰਦੇ ਹੋਏ ਸਾਰੇ ਇਹ ਅਰਦਾਸ ਬੇਨਤੀ ਗੁਰੂ ਦੇ ਚਰਨਾਂ ਵਿਚ ਕਰੀਏ ਤਾਂ ਕਿ ਸਿੱਖ ਕੌਮ ਸਿਆਸੀ, ਤੇ ਡੇਰੇਦਾਰਾਂ ਦੇ ਚੁੰਗਲ 'ਚੋਂ ਨਿਕਲ ਕੇ ਅਸਲ ਅਰਥਾਂ ਵਿਚ ਨਾਨਕ ਨਾਮ ਲੇਵਾ ਬਣਨ ਦਾ ਮਾਣ ਪ੍ਰਾਪਤ ਕਰ ਸਕੇ।

# ਸ੍ਰੀ ਗੁਰੂ ਗੋਬਿੰਦ ਸਿੰਘ ਜੀ : ਸ਼ਾਂਤੀ ਦੇ ਪੰਜ ਸਾਲ

—ਸੁਰਿੰਦਰ ਸਿੰਘ ਜੌਹਰ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1696 ਦੀ ਲੜਾਈ, ਜਿਹੜੀ ਕਿ ਸ਼ਹਿਜ਼ਾਦੇ ਦੀ ਮੁਹਿੰਮ ਦੇ ਨਾਂ ਨਾਲ ਪ੍ਰਸਿੱਧ ਹੈ, ਦੇ ਪਿਛੋਂ ਗੁਰੂ ਜੀ ਨੇ 1701 ਤੱਕ ਕੋਈ ਪੰਜ ਵਰ੍ਹੇ ਸ਼ਾਂਤੀ ਨਾਲ ਬਿਤਾਏ।

ਇਨ੍ਹਾਂ ਵਰ੍ਹਿਆਂ ਵਿਚ ਅਨੰਦਪੁਰ ਸਾਹਿਬ ਵਿੱਚ ਪੂਰਨ ਸ਼ਾਂਤੀ ਰਹੀ: ਬੌਧਿਕ ਸਰਗਰਮੀਆਂ ਪੂਰੇ ਜੋਬਨ ਤੇ ਸਨ ਅਤੇ ਗੁਰੂ ਜੀ ਨੇ ਆਪਣੇ ਸ਼ਰਧਾਲੂਆਂ ਵਿੱਚ ਵਿਦਿਆ ਦੇ ਪ੍ਰਚਾਰ ਲਈ ਕਈ ਪ੍ਰਬੰਧ ਕੀਤੇ। ਗੁਰੂ ਜੀ ਦੇ ਦਰਬਾਰ ਵਿਚ ਇਕ ਵਿਦਵਾਨ ਪੰਡਤ ਰਘੂਨਾਥ ਸੀ, ਜਿਹੜਾ ਹਿੰਦੂਆਂ ਦੇ ਧਾਰਮਿਕ ਗ੍ਰੰਥਾਂ 'ਚੋਂ ਸਲੋਕ ਪੜ੍ਹ ਕੇ ਸੁਣਾਇਆ ਕਰਦਾ ਸੀ। ਇਸ ਤਰ੍ਹਾਂ ਹਿੰਦੂ ਮਿਥਿਆਸ ਅਤੇ ਦਰਸ਼ਨ ਗੁਰੂ ਜੀ ਦੀਆਂ ਆਪਣੀਆਂ ਲਿਖਤਾਂ ਦੀ ਰੋਸ਼ਨੀ ਵਿਚ ਵਧੇਰੇ ਚੰਗੀ ਤਰ੍ਹਾਂ ਸਮਝਿਆ ਜਾ ਸਕਦਾ ਹੈ। ਇੱਕ ਦਿਨ ਗੁਰੂ ਜੀ ਨੇ ਉਸ ਨੂੰ ਕਿਹਾ ਕਿ ਉਹ ਸਿੱਖਾਂ ਨੂੰ ਸੰਸਕ੍ਰਿਤ ਪੜ੍ਹਾਵੇ ਪਰ ਪੰਡਤ ਨੇ ਇਹ ਆਖ ਕੇ ਗੱਲ ਟਾਲਣ ਦਾ ਯਤਨ ਕੀਤਾ ਕਿ ਸੰਸਕ੍ਰਿਤ ਤਾਂ ਕੇਵਲ ਉਚੀ ਜਾਤ ਦੇ ਲੋਕ ਹੀ ਸਿੱਖ ਸਕਦੇ ਹਨ, ਜਦਕਿ ਬਹੁਤ ਸਾਰੇ ਸਿੱਖ ਤਾਂ ਨੀਵੀਂ ਜਾਤ ਨਾਲ ਸਬੰਧ ਰੱਖਦੇ ਹਨ। ਗੁਰੂ ਜੀ ਨੂੰ ਇਹ ਗੱਲ ਪਸੰਦ ਨਾ ਆਈ। ਉਹਨਾਂ ਪੰਜ ਸਿੱਖ ਬਨਾਰਸ (ਕਾਸ਼ੀ) ਭੇਜੇ ਤਾਂ ਜੋ ਉਹ ਸੰਸਕ੍ਰਿਤ ਪੜ੍ਹ ਸਕਣ ਅਤੇ ਫਿਰ ਸਿੱਖਾਂ ਨੂੰ ਪੜ੍ਹਾ ਸਕਣ। ਬਨਾਰਸ ਤੋਂ ਵਾਪਸ ਆ ਕੇ ਉਹ ਸੰਸਕ੍ਰਿਤ ਦੇ ਵੱਡੇ ਵਿਦਵਾਨ ਬਣ ਗਏ ਅਤੇ ਉਨ੍ਹਾਂ ਨੂੰ 'ਨਿਰਮਲੇ' ਦੇ ਨਾਂ ਨਾਲ ਜਾਣਿਆ ਜਾਣ ਲੱਗਾ। ਉਹਨਾਂ ਸਿੱਖ ਵਿਦਵਾਨਾਂ ਦਾ ਇੱਕ ਨਵਾਂ ਸਕੂਲ ਵੀ ਆਰੰਭ ਕੀਤਾ। ਇਹਨਾਂ ਪੰਜ ਸਿੱਖ ਵਿਦਵਾਨਾਂ ਨੇ ਮਗਰੋਂ ਅੰਮ੍ਰਿਤ ਛਕ ਲਿਆ ਅਤੇ ਉਹ ਭਾਈ ਕਰਮ ਸਿੰਘ, ਭਾਈ ਗੰਡਾ ਸਿੰਘ, ਭਾਈ ਵੀਰ ਸਿੰਘ, ਭਾਈ ਸੈਨਾ ਸਿੰਘ ਅਤੇ ਭਾਈ ਰਾਮ ਸਿੰਘ ਦੇ ਨਾਂ ਨਾਲ ਪ੍ਰਸਿੱਧ ਹੋਏ।

ਦੇਸ਼ ਦੇ ਕਈ ਭਾਗਾਂ ਤੋਂ ਕਵੀ ਅਨੰਦਪੁਰ ਸਾਹਿਬ ਆਉਣ ਲੱਗੇ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਸਰਪ੍ਰਸਤੀ ਭਾਲਣ ਲੱਗੇ। ਇੱਕ ਵਾਰ ਤਾਂ ਗੁਰੂ ਜੀ ਦੇ ਦਰਬਾਰ 'ਚ ਕਵੀਆਂ ਦੀ ਸੰਖਿਆ 52 ਤੱਕ ਜਾ ਪਹੁੰਚੀ ਇਹਨਾਂ ਵਿੱਚ ਵਰਣਨਯੋਗ ਕਵੀਆਂ ਦੇ ਨਾਂ ਹਨ: ਭਾਈ ਨੰਦ ਲਾਲ ਗੋਇਆ, ਸੈਨਾਪਤ ਅਤੇ ਭਾਈ ਮਨੀ ਸਿੰਘ।

ਹੁਣ ਗੁਰੂ ਜੀ ਨੂੰ ਰਚਨਾਤਮਕ ਕਾਰਜਾਂ ਲਈ ਬਹੁਤ ਸਮਾਂ ਮਿਲ ਗਿਆ। ਇਸ ਸਮੇਂ ਵਿਚ ਉਹਨਾਂ 'ਅਕਾਲ ਉਸਤਤ', 'ਗਿਆਨ ਪ੍ਰਬੋਧ', 'ਵਿਸ਼ਨੂੰ', 'ਬ੍ਰਹਮਾ' ਅਤੇ 'ਰੁਦਰ' ਅਵਤਾਰਾਂ ਬਾਰੇ ਆਪਣੀਆਂ ਰਚਨਾਵਾਂ ਦੀ ਰਚਨਾ ਕੀਤੀ।

ਅਨੰਦਪੁਰ ਸਾਹਿਬ ਵਿਚ ਗੁਰੂ ਜੀ ਆਪਣੇ ਪਰਿਵਾਰ ਦੀ ਦੇਖ-ਭਾਲ ਵੀ ਕਰਦੇ ਰਹੇ। ਉਹਨਾਂ ਦੇ ਚਾਰ ਸਪੁੱਤਰਾਂ ਅਜੀਤ ਸਿੰਘ, ਜੁਝਾਰ ਸਿੰਘ, ਜ਼ੋਰਾਵਰ ਸਿੰਘ ਅਤੇ ਫਤਹਿ ਸਿੰਘ ਦਾ ਜਨਮ ਉਹਨਾਂ ਦੀਆਂ ਦੋ ਪਤਨੀਆਂ ਸੁੰਦਰੀ ਜੀ ਅਤੇ ਜੀਤੋ ਜੀ ਦੀ ਕੁੱਖੋਂ ਹੋਇਆ।

ਇਥੇ ਅਸੀਂ ਗੁਰੂ ਜੀ ਦੇ ਜੀਵਨ ਸਬੰਧੀ ਕੁੱਝ ਮੱਤਭੇਦ ਵਾਲੇ ਪ੍ਰਸ਼ਨਾਂ ਉਤੇ ਰੋਸ਼ਨੀ ਪਾਉਣਾ ਚਾਹੁੰਦੇ ਹਾਂ। ਇਹ ਪ੍ਰਸ਼ਨ ਉਨ੍ਹਾਂ ਦੇ ਵਿਆਹਾਂ ਅਤੇ ਉਹਨਾਂ ਦੀ ਦੁਰਗਾ ਪੂਜਾ ਬਾਰੇ ਹਨ।

ਇੱਕ ਦਿਨ ਜਦ ਗੁਰੂ ਜੀ ਆਪਣੇ ਦਰਬਾਰ ਵਿਚ ਬੈਠੇ ਹੋਏ ਸਨ ਤਾਂ ਹਰਜਸ ਭੀਖਿਆ ਨਾਂ ਦਾ ਇੱਕ ਆਦਮੀ ਗੁਰੂ ਜੀ ਨੂੰ ਮਿਲਣ ਲਈ ਆਇਆ। ਉਹ ਗੁਰੂ ਜੀ ਦੀ ਸ਼ਖਸੀਅਤ ਅਤੇ ਉਹਨਾਂ ਦੀ ਸਰੀਰਕ ਸੁੰਦਰਤਾ ਤੇ ਸਡੋਲਤਾ ਤੋਂ ਬੜਾ ਪ੍ਰਭਾਵਤ ਹੋਇਆ। ਉਸ ਨੇ ਸੋਚਿਆ ਕਿ ਗੁਰੂ ਜੀ ਉਸ ਦੀ ਧੀ ਜੀਤੋ ਜੀ ਦੇ ਸਭ ਤੋਂ ਉਤਮ ਹਾਣ ਮੇਲ ਹੋਣਗੇ। ਗੁਰੂ ਜੀ ਨੇ ਇਸ ਸੁਝਾਅ ਵੱਲ ਕੋਈ ਧਿਆਨ ਨਾ ਦਿੱਤਾ ਅਤੇ ਇਸ ਉਲਝਣ ਵਿੱਚੋਂ ਨਿਕਲਣ ਦਾ ਯਤਨ ਕੀਤਾ, ਪਰ ਉਹਨਾਂ ਦੇ ਮਾਤਾ ਜੀ ਇਸ ਗੱਲ ਬਾਰੇ ਸੁਣ ਕੇ ਅਤਿ ਪ੍ਰਸੰਨ ਹੋਏ। ਉਹਨਾਂ ਆਪਣੇ ਭਰਾ

ਭਾਈ ਕਿਰਪਾਲ ਜੀ ਨੂੰ ਕਿਹਾ ਕਿ ਉਹ ਗੁਰੂ ਜੀ ਨੂੰ ਇਸ ਗੱਲ ਲਈ ਮਨਾਉਣ। ਬਹੁਤ ਯਤਨ ਕੀਤੇ ਜਾਣ ਪਿਛੋਂ ਗੁਰੂ ਜੀ ਮੰਨ ਗਏ ਅਤੇ ਕੁੜਮਾਈ ਸਮੇਂ ਅਨੰਦਪੁਰ ਸਾਹਿਬ ਵਿਚ ਬੜੀ ਖੁਸ਼ੀ ਮਨਾਈ ਗਈ। ਜਦੋਂ ਇਹ ਖਬਰ ਭਿਖੀਆਂ ਦੇ ਪਰਿਵਾਰ ਨੂੰ ਪੁੱਜੀ ਤਾਂ ਉਨ੍ਹਾਂ ਦੀ ਖੁਸ਼ੀ ਦੀ ਕੋਈ ਹੱਦ ਨਾ ਰਹੀ। ਕੁੱਝ ਚਿਰ ਪਿਛੋਂ ਗੁਰੂ ਜੀ ਨੂੰ ਬਰਾਤ ਲੈ ਕੇ ਲਾਹੌਰ ਆਉਣ ਲਈ ਸੱਦਾ ਭੇਜਿਆ ਗਿਆ ਪਰ ਗੁਰੂ ਜੀ ਨੇ ਕਿਹਾ ਕਿ ਉਹ ਆਪਣਾ ਵਿਆਹ ਕਰਾਉਣ ਲਈ ਅਨੰਦਪੁਰ ਸਾਹਿਬ ਦੇ ਨੇੜੇ ਹੀ ਇੱਕ ਲਾਹੌਰ ਵਸਾਉਣਗੇ। ਬਹੁਤ ਸਾਰੇ ਸਿੱਖ ਨਵਾਂ ਸ਼ਹਿਰ ਉਸਾਰਨ ਦੇ ਕੰਮ ਵਿਚ ਸਹਿਯੋਗ ਦੇਣ ਲਈ ਗੁਰੂ ਜੀ ਪਾਸ ਚਲੇ ਆਏ। ਕਈ ਵਪਾਰੀਆਂ ਅਤੇ ਦੁਕਾਨਦਾਰਾਂ ਨੇ ਆਪਣੀਆਂ ਦੁਕਾਨਾਂ ਖੋਲ੍ਹ ਲਈਆਂ ਅਤੇ ਵਿਆਹ ਦੀ ਰਸਮ ਸਮਾਪਤ ਹੋਣ ਤੱਕ ਉਥੇ ਰਹੇ। ਇਹ ਵਿਆਹ 1677 ਵਿਚ ਹੋਇਆ।

ਸੁੰਦਰੀ ਜੀ ਨਾਲ ਦੂਜਾ ਵਿਆਹ 1684 ਵਿਚ ਹੋਇਆ। ਸੁੰਦਰੀ ਜੀ ਰਾਮਸਰਨ ਦੀ ਸਪੁੱਤਰੀ ਸਨ। ਗੁਰੂ ਜੀ ਨਹੀਂ ਮੰਨਦੇ, ਪਰ ਇਸ ਵਾਰ ਫਿਰ ਗੁਰੂ ਜੀ ਦੀ ਮਾਤਾ ਜੀ ਨੇ ਜ਼ਿਦ ਕੀਤੀ।

ਤੀਜਾ ਵਿਆਹ ਸਾਹਿਬ ਦੇਵਾਂ ਜੀ ਨਾਲ 1699 ਵਿੱਚ ਹੋਇਆ, ਜੇਹਲਮ ਜ਼ਿਲ੍ਹੇ ਵਿੱਚ ਰੋਹਤਾਸ ਦਾ ਰਾਮੂ ਨਾਂ ਦਾ ਇੱਕ ਸਿੱਖ ਬਹੁਤ ਸਾਰੀਆਂ ਸੁੰਦਰ ਭੇਟਾਵਾਂ ਲੈ ਕੇ ਗੁਰੂ ਜੀ ਦੇ ਦਰਬਾਰ ਆਇਆ। ਉਸ ਨਾਲ ਕਈ ਹੋਰ ਵੀ ਸ਼ਰਧਾਲੂ ਆਏ ਹੋਏ ਸਨ। ਗੁਰੂ ਜੀ ਤੋਂ ਆਗਿਆ ਲਏ ਬਿਨਾਂ ਉਸ ਨੇ ਪਾਲਕੀ ਵਿੱਚ ਆਪਣੀ ਧੀ ਨੂੰ ਲੈ ਆਂਦਾ ਸੀ ਅਤੇ ਉਸ ਨੇ ਗੁਰੂ ਜੀ ਨੂੰ ਵਿਆਹ ਲਈ ਆਪਣੀ ਧੀ ਦੇਣ ਦੀ ਪ੍ਰਾਰਥਨਾ ਕੀਤੀ। ਗੁਰੂ ਜੀ ਇਸ ਅਜੀਬ ਜਿਹੀ ਭੇਟਾ ਬਾਰੇ ਸੁਣ ਕੇ ਹੈਰਾਨ ਹੋਏ। ਉਹਨਾਂ ਤੁਰੰਤ ਇਹ ਭੇਟਾ ਸਵੀਕਾਰ ਕਰਨ ਤੋਂ ਸਾਫ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ ਉਹਨਾਂ ਹੁਣ ਘਰੋਗੀ ਜੀਵਨ ਬਿਲਕੁਲ ਤਿਆਗ ਦਿੱਤਾ ਹੈ ਅਤੇ ਉਹ ਦੂਜੀਆਂ ਸਮੱਸਿਆਵਾਂ ਹੱਲ ਕਰਨ ਲਈ ਆਪਣਾ ਸਾਰਾ ਧਿਆਨ ਲਾਉਣਾ ਚਾਹੁੰਦੇ ਹਨ। ਰਾਮੂ ਨਿਰਾਸ਼ ਹੋ ਕੇ ਕਹਿਣ ਲੱਗਾ ਕਿ ਉਸ ਨੇ ਬਹੁਤ ਚਿਰ ਪਹਿਲਾਂ ਗੁਰੂ ਜੀ ਨੂੰ ਆਪਣੀ ਧੀ ਭੇਟ ਕਰ ਦਿੱਤੀ ਸੀ ਅਤੇ ਇਸ ਗੱਲ ਦਾ ਉਸ ਦੇ ਇਲਾਕੇ ਦੇ ਸਾਰੇ ਲੋਕਾਂ ਨੂੰ ਪਤਾ ਹੈ। ਜੇਕਰ ਗੁਰੂ ਜੀ ਉਸ ਦੀ ਧੀ ਨਾਲ ਵਿਆਹ ਕਰਾਉਣ ਤੋਂ ਇਨਕਾਰ ਕਰਨਗੇ ਤਾਂ ਹੋਰ ਕੋਈ ਵੀ ਉਸ ਦੀ ਧੀ ਨੂੰ ਨਹੀਂ ਅਪਣਾਏਗਾ ਅਤੇ ਉਹ ਸਾਰੀ ਉਮਰ ਕੁਆਰੀ ਹੀ ਰਹੇਗੀ। ਇਹ ਇੱਕ ਅਜਿਹੀ ਗੱਲ ਹੈ, ਜਿਸ ਨਾਲ ਉਸ ਦੇ ਸਾਰੇ ਪਰਿਵਾਰ ਦਾ ਅਪਮਾਨ ਹੋਏਗਾ ਅਤੇ ਉਸ ਦੀ ਧੀ ਦਾ ਜੀਵਨ ਤਬਾਹ ਹੋ ਜਾਵੇਗਾ। ਗੁਰੂ ਜੀ ਨੇ ਇਹ ਸਾਰੀ ਗੱਲ ਸੁਣ ਕੇ ਕਿਹਾ ਕਿ ਰਾਮੂ ਦੀ ਧੀ ਉਹਨਾਂ ਦੇ ਘਰ ਕੇਵਲ ਉਹਨਾਂ ਦੀ ਸੇਵਾ ਕਰਨ ਲਈ ਰਹਿ ਸਕਦੀ ਹੈ। ਗੁਰੂ ਜੀ ਨੇ ਇਹ ਸਪੱਸ਼ਟ ਕਰਕੇ ਆਪਣੀ ਮੰਨਜ਼ੂਰੀ ਦੇ ਦਿੱਤੀ ਕਿ ਲੜਕੀ ਗੁਰੂ ਜੀ ਦੇ ਘਰ ਰਹਿ ਕੇ ਕੇਵਲ ਸੇਵਾ ਕਰੇਗੀ ਅਤੇ ਸਿੱਖਾਂ ਨੂੰ ਆਪਣੇ ਬੱਚੇ ਸਮਝੇਗੀ। ਇਸ ਤਰ੍ਹਾਂ ਉਸ ਨੂੰ ਸਰੀਰਕ ਰੂਪ ਵਿੱਚ ਉਹਨਾਂ ਦੀ ਪਤਨੀ ਬਣ ਕੇ ਨਹੀਂ, ਸਗੋਂ ਸਿੱਖਾਂ ਦੀ ਆਤਮਿਕ ਮਾਂ ਬਣ ਕੇ ਰਹਿਣ ਦੀ ਆਗਿਆ ਦੇ ਦਿੱਤੀ ਗਈ।

ਹੁਣ ਅਸੀਂ ਮਹਾਨ ਗੁਰੂ ਜੀ ਦੇ ਜੀਵਨ ਵਿਚ 'ਦੁਰਗਾ ਪੂਜਾ' ਬਾਰੇ ਮਤਭੇਦਾਂ ਦਾ ਵਰਣਨ ਕਰਦੇ ਹਾਂ। ਕਿਹਾ ਜਾਂਦਾ ਹੈ ਕਿ ਗੁਰੂ ਜੀ ਨੇ ਖਾਲਸੇ ਦੀ ਸਾਜਨਾ ਅਤੇ ਆਪਣਾ ਮਿਸ਼ਨ ਪੂਰਾ ਕਰਨ ਤੋਂ ਪਹਿਲਾਂ ਸੁਧਾਰ ਲਿਆਉਣ ਦਾ ਜਤਨ ਕੀਤਾ ਅਤੇ ਦੁਰਗਾ ਦੇਵੀ ਦੀਆਂ ਅਸੀਸਾਂ ਪ੍ਰਾਪਤ ਕੀਤੀਆਂ।

ਪਰ ਦੂਜੇ ਪਾਸੇ ਸਾਡੇ ਸਾਹਮਣੇ ਗੁਰੂ ਜੀ ਦੀਆਂ ਆਪਣੀਆਂ ਲਿਖਤਾਂ ਹਨ, ਜਿਨ੍ਹਾਂ ਵਿਚ ਮੂਰਤੀ ਪੂਜਾ ਦੀ ਸਪੱਸ਼ਟ ਤੌਰ 'ਤੇ ਨਿਖੇਧੀ ਕੀਤੀ ਗਈ ਹੈ। ਜੇਕਰ ਉਹਨਾਂ ਦੁਰਗਾ ਪੂਜਾ ਕੀਤੀ ਹੁੰਦੀ ਤਾਂ ਇਹ ਗੱਲ ਸਿੱਖ ਧਰਮ ਦੇ ਮੁਢਲੇ ਸਿਧਾਂਤਾਂ ਅਤੇ ਗੁਰੂ ਜੀ ਦੇ ਆਪਣੇ ਆਦਰਸ਼ਾਂ ਵਿਰੁੱਧ ਜਾਂਦੀ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਸਦਾ ਇਕ ਅਕਾਲ ਪੁਰਖ ਦੀ ਪੂਜਾ ਕਰਨ ਦਾ ਪ੍ਰਚਾਰ ਕੀਤਾ ਅਤੇ ਉਨ੍ਹਾਂ ਬੜੇ ਸਖਤ ਸ਼ਬਦਾਂ ਵਿਚ ਕਿਸੇ ਹੋਰ ਦੀ ਪੂਜਾ ਦਾ ਵਿਰੋਧ ਕੀਤਾ। ਗੁਰੂ ਜੀ ਇਕ ਅਕਾਲ ਪੁਰਖ ਵਿਚ ਵਿਸ਼ਵਾਸ ਰੱਖਦੇ ਸਨ। ਉਹ ਇੱਕ ਅਤੇ ਕੇਵਲ ਇਕੋ ਰੱਬ ਦੀ ਹੋਂਦ ਦਾ ਪ੍ਰਚਾਰ ਕਰਦੇ ਰਹੇ ਅਤੇ ਉਨ੍ਹਾਂ ਛੋਟੇ-ਛੋਟੇ ਦੇਵੀ ਦੇਵਤਿਆਂ ਦੀ ਪੂਜਾ ਦਾ ਖੰਡਨ ਅਤੇ ਵਿਰੋਧ ਕੀਤਾ। ਉਹ ਫੁਰਮਾਉਂਦੇ ਹਨ:

*ਕਾਹੇ ਕੋ ਕੂਰ ਕਰੇ*
*ਤਪਸਾ ਇਨ ਕੀ ਕੋਊ*
*ਕੌਡੀ ਕੇ ਕਾਮ ਨਾ ਐਹੈ॥*
*ਤੋਹਿ ਬਚਾਇ ਸਕੇ*
*ਕਹੁ ਕੈਸੇ ਕੈ ਆਪਨ*
*ਘਾਵ ਬਚਾਇ ਨ ਐਹੈ॥*
*ਕੋਪ ਕਰਾਲ ਕੀ*
*ਪਾਵਕ ਕੁੰਡ ਮੈ*
*ਆਪ ਟੰਗਿਓ ਤਿਮ ਤੋਹਿ ਤੰਟੈ ਹੈ॥*
*ਚੇਤ ਰੇ ਚੇਤ ਅਜੌ ਜੀਅ*
*ਮੈ ਜੜ ਕਾਲ ਕਿਰਪਾ*
*ਬਿਨੁ ਕਾਮ ਨਾ ਐਹੈ॥*

(ਬਚਿਤ੍ਰ ਨਾਟਕ)

*ਕਾਹੂ ਲੈ ਪਾਹਨ ਪੂਜ ਧਰਯੋ ਸਿਰ*
*ਕਾਹੂ ਲੈ ਲਿੰਗ ਗਰੇ ਲਟਕਾਇਓ॥*
*ਕਾਹੂੰ ਲਖਿਓ ਹਰਿ ਅਵਾਚੀ ਦਿਸਾ ਮਹਿ॥*
*ਕਾਹੂੰ ਪਛਾਹ ਕੋ ਸੀਸੁ ਨਿਵਾਇਓ॥*
*ਕੋਊ ਬੁਤਾਨ ਕੋ ਪੂਜਤ ਹੈ ਪਸੁ॥*
*ਕੋਊ ਮ੍ਰਿਤਾਨ ਕੋ ਪੂਜਨ ਧਾਇਓ॥*
*ਕੂਰ ਕ੍ਰਿਆ ਉਰਝਿਓ ਸਭ ਹੀ ਜਗ॥*
*ਸ੍ਰੀ ਭਗਵਾਨ ਕੋ ਭੇਦੁ ਨਾ ਪਾਇਓ॥*

ਅਜਿਹੀਆਂ ਹੋਰ ਕਈ ਉਦਾਹਰਨਾਂ ਦਿੱਤੀਆਂ ਜਾ ਸਕਦੀਆਂ ਹਨ ਅਤੇ ਗੁਰੂ ਜੀ ਦੀਆਂ ਲਿਖਤਾਂ ਵਿਚੋਂ ਕਈ ਹੋਰ ਅੰਸ਼ ਪੇਸ਼ ਕੀਤੇ ਜਾ ਸਕਦੇ ਹਨ। ਇਨ੍ਹਾਂ ਸਾਰੀਆਂ ਟੂਕਾਂ ਦੇ ਅਧਿਐਨ ਤੋਂ ਪਤਾ ਚਲਦਾ ਹੈ ਕਿ ਗੁਰੂ ਜੀ ਇੱਕ ਅਕਾਲ ਪੁਰਖ ਦੀ ਪੂਜਾ ਕਰਦੇ ਰਹੇ। ਅਕਾਲ ਪੁਰਖ ਦੀ ਪੂਜਾ ਰਾਹੀਂ ਸਰੀਰ, ਮਨ ਅਤੇ ਆਤਮਾ ਨੂੰ ਸ਼ਾਂਤੀ ਮਿਲਦੀ ਹੈ ਅਤੇ ਮਨੁੱਖ ਵਿਚ ਰੱਬ ਦਾ ਪਿਆਰ ਜਾਗ੍ਰਿਤ ਹੁੰਦਾ ਹੈ। ਇੱਕ ਪ੍ਰਭੂ ਦੀ ਪੂਜਾ ਰਾਹੀਂ ਮਨੁੱਖ ਦੀ ਸ਼ਖਸੀਅਤ ਵਿੱਚ ਵਾਧਾ ਹੁੰਦਾ ਹੈ ਅਤੇ ਉਹ ਦਿਖਾਵੇ ਤੇ ਰਸਮਾਂ ਰਿਵਾਜਾਂ ਨੂੰ ਤਿਲਾਂਜਲੀ ਦਿੰਦਾ ਹੈ। ਉਹਦੀ ਲਿਵ ਇੱਕ ਸੱਚੇ ਪਾਤਸ਼ਾਹ ਨਾਲ ਜੁੜ ਜਾਂਦੀ ਹੈ।

*ਪਾਂਇ ਗਹੇ ਜਬ ਤੇ ਤੁਮਰੇ*
*ਤਬ ਤੇ ਕੋਊ ਆਂਖ ਤਰੇ ਨਹੀਂ ਆਨਯੋ॥*
*ਰਾਮ ਰਹੀਮ ਪੁਰਾਨ ਕੁਰਾਨ*
*ਅਨੇਕ ਕਹੈਂ ਮਤ ਏਕ ਨਾ ਮਾਨਯੋ॥*
*ਸਿੰਮ੍ਰਿਤ ਸਾਸਤ੍ਰ ਬੇਦ ਸਭੈ*
*ਬਹੁ ਭੇਦ ਕਹੈਂ ਹਮ ਏਕ ਨ ਜਾਨਯੋ॥*
*ਸ੍ਰੀ ਅਸਿਪਾਨ ਕ੍ਰਿਪਾ ਤੁਮਰੀ ਕਰਿ*
*ਮੈ ਨ ਕਹਯੋ ਸਭ ਤੋਹਿ ਬਖਾਨਯੋ॥*

**ਦੋਹਰਾ॥**

*ਸਗਲ ਦੁਆਰ ਕਉ ਛਾਡਿ ਕੈ*
*ਗਹਿਓ ਤੁਹਾਰੋ ਦੁਆਰ॥*
*ਬਾਂਹਿ ਗਹੇ ਕੀ ਲਾਜ ਅਸ*
*ਗੋਬਿੰਦ ਦਾਸ ਤੁਹਾਰ॥*

(ਚੌਪਈ)

ਗੁਰੂ ਜੀ ਨੇ ਸਪੱਸ਼ਟ ਸ਼ਬਦਾਂ ਵਿਚ ਕਿਹਾ ਹੈ ਕਿ ਉਹਨਾਂ ਨੂੰ ਕੇਵਲ ਇਕੋ ਪ੍ਰਭੂ ਵਿਚ ਵਿਸ਼ਵਾਸ ਹੈ। ਉਹ ਕਿਸੇ ਪੁਰਖ ਨੂੰ ਪ੍ਰਮਾਤਮਾ ਦਾ ਰੂਪ ਨਹੀਂ ਸਮਝਦੇ।

ਭਾਈ ਨੰਦ ਲਾਲ, ਜਿਹੜੇ ਗੁਰੂ ਜੀ ਦੇ ਦਰਬਾਰ ਵਿੱਚ ਇੱਕ ਵਿਦਵਾਨ ਵਿਅਕਤੀ ਸਨ, ਬਹੁਤ ਸਾਰਾ ਸਮਾਂ ਗੁਰੂ ਜੀ ਨਾਲ ਰਹੇ। ਉਹਨਾਂ ਸਿੱਖ ਧਰਮ ਅਤੇ ਦਰਸ਼ਨ ਬਾਰੇ ਕਈ ਰਚਨਾਵਾਂ ਰਚੀਆਂ ਹਨ ਪਰ ਉਹਨਾਂ ਕਿਸੇ ਵਿਚ ਵੀ ਗੁਰੂ ਜੀ ਦੀ ਕਥਿਤ ਦੁਰਗਾ ਪੂਜਾ ਦਾ ਵਰਣਨ ਨਹੀਂ ਕੀਤਾ। ਉਹ ਇੱਕ ਸ਼ਰਧਾਲੂ ਕਵੀ ਸੀ ਅਤੇ ਉਸ ਨੇ ਲਿਖਿਆ ਹੈ ਕਿ ਕਿਵੇਂ ਗੁਰੂ ਜੀ ਨੇ ਦੇਵੀ-ਦੇਵਤਿਆਂ ਦਾ ਖੰਡਨ ਕੀਤਾ। 'ਜੋਤ ਬਿਗਾਸ' 'ਚ ਭਾਈ ਨੰਦ ਲਾਲ ਨੇ ਕਿਹਾ ਹੈ ਕਿ ਹਜ਼ਾਰਾਂ ਦੁਰਗਾ ਵਿਸ਼ਨੂੰ ਅਤੇ ਸ਼ਿਵ ਨੇ ਗੁਰੂ ਜੀ ਨੂੰ ਸ਼ਰਧਾਂਜਲੀ ਭੇਟ ਕੀਤੀ ਜਿਹੜੇ ਇਹਨਾਂ ਸਾਰਿਆਂ ਤੋਂ ਉਪਰ ਸਨ। ਜਿਸ ਵਿਅਕਤੀ ਨੇ ਗੁਰੂ ਜੀ ਬਾਰੇ ਇਹ ਕੁੱਝ ਲਿਖਿਆ ਹੈ, ਉਹ ਕਦੇ ਵੀ ਇੰਜ ਨਹੀਂ ਲਿਖ ਸਕਦਾ ਸੀ, ਜੇਕਰ ਗੁਰੂ ਜੀ ਦੁਰਗਾ ਪੂਜਾ ਵਿੱਚ ਵਿਸ਼ਵਾਸ ਰੱਖਦੇ ਹੁੰਦੇ।

ਗੁਰੂ ਜੀ ਦੇ ਦਰਬਾਰ ਵਿੱਚ ਇੱਕ ਹੋਰ ਕਵੀ ਸੈਨਾਪਤੀ ਸੀ। ਉਸ ਨੇ ਵੀ ਗੁਰੂ ਜੀ ਦੇ ਜੀਵਨ ਦੀਆਂ ਘਟਨਾਵਾਂ ਨੂੰ ਵਿਸਥਾਰ ਨਾਲ ਬਿਆਨ ਕੀਤਾ ਹੈ ਪਰ ਉਸ ਨੇ ਕਿਤੇ ਵੀ ਗੁਰੂ ਜੀ ਦੀ ਦੁਰਗਾ ਪੂਜਾ ਦਾ ਵਰਣਨ ਨਹੀਂ ਕੀਤਾ।

ਸਾਡੇ ਸਾਹਮਣੇ ਉਸ ਸਮੇਂ ਦੇ ਇੱਕ ਸਮਾਚਾਰ ਲੇਖਕ ਦਾ ਬਿਆਨ ਵੀ ਹੈ ਜਿਸ ਨੇ ਖਾਲਸਾ ਦੀ ਸਾਜਨਾ ਬਾਰੇ ਵੇਰਵੇ ਸਹਿਤ ਰਿਪੋਰਟ ਭੇਜੀ ਸੀ। ਖਾਲਸੇ ਦੀ ਸਾਜਨਾ ਸਮੇਂ ਇਕੱਤਰ ਹੋਏ ਸਿੱਖਾਂ ਸਾਹਮਣੇ ਗੁਰੂ ਜੀ ਨੇ ਜਿਹੜਾ ਭਾਸ਼ਣ ਦਿੱਤਾ, ਉਸ ਦਾ ਵਿਸ਼ੇਸ਼ ਤੌਰ 'ਤੇ ਵਰਣਨ ਕੀਤਾ ਗਿਆ ਹੈ। ਕਿਸੇ ਵੀ ਥਾਂ 'ਤੇ ਗੁਰੂ ਜੀ ਵਲੋਂ ਦੁਰਗਾ ਦੀਆਂ ਬਖਸ਼ਿਸ਼ਾਂ ਪ੍ਰਾਪਤ ਕਰਨ ਦਾ ਵਰਣਨ ਨਹੀਂ ਕੀਤਾ ਗਿਆ। ਜੇਕਰ ਗੁਰੂ ਜੀ ਨੂੰ ਦੁਰਗਾ ਦਾ ਵਰ ਮਿਲਿਆ ਹੁੰਦਾ ਤਾਂ ਉਹ ਜ਼ਰੂਰ ਸਿੱਖਾਂ ਸਾਹਮਣੇ ਇਸ ਦਾ ਵਰਣਨ ਕਰਦੇ।

ਜਿਨ੍ਹਾਂ ਗੁਰੂ ਸਾਹਿਬਾਨ ਨੇ ਦੇਵੀ ਦੀ ਪੂਜਾ ਦਾ ਜ਼ੋਰਦਾਰ ਸ਼ਬਦਾਂ ਵਿੱਚ ਖੰਡਨ ਕੀਤਾ, ਉਹ ਕਿਸ ਤਰ੍ਹਾਂ ਆਪ ਉਸ ਦੀ ਪੂਜਾ ਕਰ ਸਕਦੇ ਸਨ?

ਗੁਰੂ ਜੀ ਦੀ ਆਪਣੀ ਰਚਨਾ 'ਬਚਿਤਰ ਨਾਟਕ' ਵਿਚ ਕਿਤੇ ਵੀ ਹਵਨ ਰਸਮ ਬਾਰੇ ਕੋਈ ਵਰਣਨ ਨਹੀਂ। ਜੇਕਰ ਗੁਰੂ ਜੀ ਨੂੰ ਦੁਰਗਾ ਦੀ ਬਹਾਦਰੀ ਅਤੇ ਦਲੇਰੀ ਵਿੱਚ ਏਨਾ ਵਿਸ਼ਵਾਸ ਹੁੰਦਾ ਤਾਂ ਉਹ ਜ਼ਰੂਰ ਆਪਣੇ ਜੀਵਨ ਬਿਰਤਾਂਤ ਵਿੱਚ ਵਰਣਨ ਕਰਦੇ। ਸਾਰੀ ਰਚਨਾ ਵਿੱਚ ਗੁਰੂ ਜੀ ਨੇ ਸਿੱਖਾਂ ਦੀ ਬਹਾਦਰੀ ਅਤੇ ਦਲੇਰੀ ਦੀ ਪ੍ਰਸੰਸਾ ਕੀਤੀ ਜਿਹੜੇ ਬਹੁਤ ਸਾਰੀਆਂ ਲੜਾਈਆਂ ਵਿੱਚ ਲੜੇ ਪਰ ਉਹਨਾ ਦੁਰਗਾ ਦੀ ਉਸਤਤੀ ਵਿੱਚ ਇੱਕ ਵੀ ਸ਼ਬਦ ਨਹੀਂ ਕਿਹਾ। ਇਸ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਦੇਵੀ ਉਹਨਾਂ ਲਈ ਕੋਈ ਅਰਥ ਨਹੀਂ ਰੱਖਦੀ ਸੀ। ਉਹ ਹਰ ਕਦਮ ਉਤੇ ਵਾਹਿਗੁਰੂ ਰਚਨਹਾਰੇ ਕੋਲੋਂ ਸਹਾਇਤਾ ਮੰਗਦੇ ਰਹੇ ਅਤੇ ਉਸੇ ਦਾ ਧੰਨਵਾਦ ਕਰਦੇ ਰਹੇ।

ਆਪਣੇ 'ਜ਼ਫਰਨਾਮਾ' ਵਿੱਚ, ਜੋ ਕਿ ਔਰੰਗਜ਼ੇਬ ਨੂੰ ਸਖਤ ਸ਼ਬਦਾਂ ਵਿੱਚ ਲਿਖੀ ਗਈ ਇੱਕ ਚਿੱਠੀ ਹੈ, ਗੁਰੂ ਜੀ ਨੇ ਸਾਫ ਕਿਹਾ ਹੈ ਕਿ ਪਹਾੜੀ ਰਾਜੇ ਮੂਰਤੀ ਪੂਜਕ ਸਨ ਅਤੇ ਉਹ ਮੂਰਤੀਆਂ ਤੋੜਨ ਵਾਲੇ। ਜੇਕਰ ਗੁਰੂ ਜੀ ਨੇ ਦੁਰਗਾ ਪੂਜਾ ਕੀਤੀ ਹੁੰਦੀ ਤਾਂ ਉਹ ਕਦੇ ਵੀ ਇਹ ਸ਼ਬਦ ਨਾ ਲਿਖਦੇ। ਇਸ ਲਈ ਸਪੱਸ਼ਟ ਹੈ ਕਿ ਗੁਰੂ ਜੀ ਵੱਲੋਂ ਕਥਿਤ ਦੁਰਗਾ ਪੂਜਾ ਅਤੇ ਇਸ ਉਪਰ ਅਧਾਰਿਤ ਹੋਰ ਕਹਾਣੀਆਂ ਸਾਰੀਆਂ ਦੀਆਂ ਸਾਰੀਆਂ ਮਨਘੜਤ ਹਨ।

ਹੁਣ ਅਸੀਂ ਵੇਖਦੇ ਹਾਂ ਕਿ ਗੁਰੂ ਜੀ ਨੇ ਕਿਵੇਂ 'ਮਸੰਦਾਂ' ਦੀ ਸਮੱਸਿਆ ਨੂੰ ਹੱਲ ਕੀਤਾ, ਜਿਹੜੇ ਉਸ ਸਮੇਂ ਸਿੱਖਾਂ ਦਾ ਖੂਨ ਚੂਸਣ ਲੱਗ ਪਏ ਸਨ ਅਤੇ ਗੁਰੂ ਜੀ ਦੀਆਂ ਯੋਜਨਾਵਾਂ ਨੂੰ ਅਮਲੀ ਰੂਪ ਦੇਣ ਦੇ ਰਾਹ ਵਿਚ ਰੋੜਾ ਸਨ। ਇਸ ਲਈ ਗੁਰੂ ਜੀ ਸਾਹਮਣੇ ਮਸੰਦਾਂ ਦੀ ਸੰਸਥਾ ਨੂੰ ਤੁਰੰਤ ਖਤਮ ਕਰਨ ਦਾ ਸਵਾਲ ਸੀ। ਇਹ ਮਸੰਦ ਉਸ ਸੰਸਥਾ ਦੇ ਧੁਰਾ ਸਨ ਜਿਹੜੀ ਕਿ ਗੁਰੂ ਅਰਜਨ ਦੇਵ ਜੀ ਨੇ ਸਥਾਪਤ ਕੀਤੀ ਸੀ। ਗੁਰੂ ਜੀ ਨੇ ਇਹ ਸੰਸਥਾ ਇਸ ਲਈ ਸਥਾਪਤ ਕੀਤੀ ਸੀ ਕਿਉਂਕਿ ਉਹ ਸਮਝਦੇ ਸਨ ਕਿ ਮਸੰਦ ਸਿੱਖ ਧਰਮ ਦਾ ਦੂਰ-ਦੂਰ ਤੱਕ ਪ੍ਰਚਾਰ ਕਰਨ ਵਿੱਚ ਸਹਾਇਤਾ ਦੇਣਗੇ। ਇਹ ਸੰਸਥਾ ਗੁਰੂ ਅਰਜਨ ਦੇਵ ਜੀ ਦੇ ਸਮੇਂ ਬੜੀ ਤੇਜ਼ੀ ਨਾਲ ਵਧੀ ਫੁਲੀ। ਮੁਫਤ ਰਾਸ਼ਨ ਅਤੇ ਹੋਰ ਕਈ ਸੁੱਖ ਮਿਲ ਜਾਣ ਕਾਰਨ ਸਮਾਂ ਬੀਤਣ ਤੋਂ ਉਹ ਭ੍ਰਿਸ਼ਟਾਚਾਰੀ ਬਣ ਗਏ ਅਤੇ ਜਿਸ ਮਨੋਰਥ ਨੂੰ ਮੁੱਖ ਰੱਖ ਕੇ ਉਹਨਾਂ ਦੀ ਸੰਸਥਾ ਕਾਇਮ ਕੀਤੀ ਗਈ ਸੀ, ਉਸ ਵੱਲ ਉਹਨਾਂ ਧਿਆਨ ਦੇਣਾ ਛੱਡ ਦਿੱਤਾ। ਇਹ ਮਸੰਦ ਉਨ੍ਹਾਂ ਦੀ ਈਮਾਨਦਾਰੀ, ਪਵਿੱਤਰਤਾ ਅਤੇ ਏਕਤਾ ਨੂੰ ਵੇਖ ਕੇ ਚੁਣੇ ਗਏ ਸਨ। ਹੌਲੀ-ਹੌਲੀ ਮਸੰਦਾਂ ਦੀ ਸੰਸਥਾ ਉਹਨਾਂ ਲੋਕਾਂ ਦੇ ਹੱਥਾਂ ਵਿਚ ਚਲੀ ਗਈ, ਜਿਹੜੇ ਲੋਭੀ ਸਨ। ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਵੀ ਮਸੰਦਾਂ ਨੇ ਕਈ ਸਮੱਸਿਆਵਾਂ ਪੈਦਾ ਕਰ ਦਿੱਤੀਆਂ ਸਨ। ਪਰ ਗੁਰੂ ਜੀ ਨੇ ਆਪਣੀ ਸ਼ਕਤੀ ਅਤੇ ਦੂਰ ਦਰਿਸ਼ਟੀ ਰਾਹੀਂ ਉਨ੍ਹਾਂ ਦੀਆਂ ਸਰਗਰਮੀਆਂ ਉਤੇ ਠੱਲ੍ਹ ਪਾਈ ਰੱਖੀ ਅਤੇ ਮਸੰਦ ਆਪਣੀ ਮਨਮਾਨੀ ਨਾ ਕਰ ਸਕੇ। ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਪਿੱਛੋਂ ਗੁਰਗੱਦੀ ਦੇ ਕਈ ਦਾਅਵੇਦਾਰਾਂ ਨੇ ਗੁਰਗੱਦੀ ਉਤੇ ਬੈਠਣ ਲਈ ਝਗੜੇ ਸ਼ੁਰੂ ਕਰ ਦਿੱਤੇ। ਵਿਰੋਧੀ ਦਾਅਵੇਦਾਰਾਂ ਨੇ ਮਸੰਦਾਂ ਨੂੰ ਲੋਕਾਂ ਦੇ ਪੈਸੇ ਵਿਚ ਹੇਰਾਫੇਰੀ ਕਰਨ ਦਾ ਬਹਾਨਾ ਦੇ ਦਿੱਤਾ। ''ਇਸ ਤੋਂ ਬਿਨਾ ਮਸੰਦਾਂ ਨੇ ਵੀ ਪਹਿਲਾ ਨਾਲੋਂ ਵੱਧ ਸ਼ਕਤੀ ਗ੍ਰਹਿਣ ਕਰ ਲਈ ਹੋਈ ਸੀ। ਉਹ ਨਾ ਕੇਵਲ

ਰੁਪਿਆ ਪੈਸਾ ਇਕੱਠਾ ਕਰਨ ਵਾਲੇ ਹੀ ਸਨ, ਸਗੋਂ ਉਹਨਾਂ ਦਾ ਕੰਮ ਧਰਮ ਦਾ ਪ੍ਰਚਾਰ ਕਰਨਾ ਵੀ ਸੀ, ਇਸ ਤਰ੍ਹਾਂ ਉਨ੍ਹਾਂ ਨੂੰ ਆਪਣੇ ਆਪ ਨੂੰ ਵੱਡੀ ਹਸਤੀ ਦੱਸਣ ਦਾ ਮੌਕਾ ਮਿਲ ਗਿਆ ਅਤੇ ਉਨ੍ਹਾਂ ਹੌਲੀ-ਹੌਲੀ ਸਿੱਖ ਧਰਮ ਵਿੱਚ ਸੰਗਠਤ ਪ੍ਰੋਹਤਾਈ ਪ੍ਰਾਪਤ ਕਰ ਲਈ।''

(ਇੰਦੂਭੂਸ਼ਨ ਬੈਨਰਜੀ-ਐਵੋਲੂਸ਼ਨ ਆਫ ਦੀ ਖਾਲਸਾ)।

ਇਸ ਤਰ੍ਹਾਂ ਸਮਾਂ ਬੀਤਣ ਉਤੇ ਇਹ ਮਸੰਦ ਇੱਕ ਪ੍ਰਕਾਰ ਦਾ ਭਰਿਸ਼ਟਾਚਾਰ ਫੈਲਾਉਣ ਲੱਗ ਪਏ। ਗੁਰੂ ਗੋਬਿੰਦ ਸਿੰਘ ਜੀ ਨੂੰ ਇਨ੍ਹਾਂ ਮਸੰਦਾਂ ਦੀ ਨਿਰਾਰਥਕਤਾ ਦਾ ਪਤਾ ਲੱਗ ਗਿਆ ਅਤੇ ਉਨ੍ਹਾਂ ਸਿੱਖਾਂ ਨੂੰ ਉਨ੍ਹਾਂ ਦੇ ਅਤਿਆਚਾਰ ਤੋਂ ਆਜ਼ਾਦ ਕਰਵਾਉਣ ਲਈ ਸਿਰ ਤੋੜ ਜਤਨ ਕੀਤੇ। ਗੁਰੂ ਜੀ ਨੂੰ ਇਸ ਬੁਰਾਈ ਨੂੰ ਜੜ੍ਹੋਂ ਉਖਾੜਨ ਤੋਂ ਛੁੱਟ ਹੋਰ ਕੋਈ ਰਾਹ ਨਜ਼ਰ ਨਾ ਆਇਆ। ਇਸ ਸਬੰਧ ਵਿਚ ਗੁਰੂ ਜੀ ਦੇ ਆਪਣੇ ਵਿਚਾਰ ਸਾਡੇ ਸਾਹਮਣੇ ਹਨ, ਜਿਹੜੇ ਉਹਨਾਂ ਬੜੇ ਸਪੱਸ਼ਟ ਰੂਪ ਵਿੱਚ ਆਪਣੇ 33 ਸਵੱਈਆਂ (29-30) ਵਿੱਚ ਅੰਕਿਤ ਕੀਤੇ ਹਨ:

*ਜੋ ਕਰਿ ਸੇਵਾ ਮਸੰਦਨ ਕੀ ਕਹੈ*
*ਆਨਿ ਪ੍ਰਸ਼ਾਦਿ ਸਭੈ ਮੋਹਿ ਦੀਜੇ॥*
*ਜੋ ਕਛੁ ਮਾਲ ਤਵਾਲਯ ਸੋ ਅਬ ਹੀ*
*ਉਠਿ ਭੇਟ ਹਮਾਰੀ ਹੀ ਕੀਜੈ॥*
*ਮੇਰੋਈ ਧਯਾਨ ਧਰੋ ਨਿਸ ਬਾਸੁਰ*
*ਭੂਲ ਕੈ ਅਉਰ ਕੋ ਨਾਮੁ ਨ ਲੀਜੈ॥*
*ਦੀਨੇ ਕੋ ਨਾਮੁ ਸੁਨੇ ਭਜਿ ਰਾਤਹਿ*
*ਲੀਨੇ ਬਿਨਾ ਨਹਿ ਨੈਕ ਪ੍ਰਸੀਜੈ।*
*ਆਂਖਨ ਭੀਤਰਿ ਤੇਲ ਕੌ ਡਾਰ*
*ਸੁ ਲੋਗਨ ਨੀਰੁ ਬਹਾਇ ਦਿਖਾਵੈ॥*
*ਜੋ ਧਨਵਾਨ ਲਖੈ ਨਿਜ ਸੇਵਕ*
*ਤਾਹੀ ਪਰੋਸਿ ਪ੍ਰਸ਼ਾਦਿ ਜਿਮਾਵੈ।*
*ਜੋ ਧਨ ਹੀਨ ਲਖੈ ਹਿਤ ਦੇਤ ਨ*
*ਮਾਗਨ ਜਾਤ ਮੁਖੋਨ ਦਿਖਾਵੈ।*
*ਲੂਟਤ ਹੈ ਪਸੁ ਲੋਗਨ ਕੋ*
*ਕਬਹੂੰ ਨ ਪ੍ਰਮੇਸ਼ਰ ਕੇ ਗੁਣ ਗਾਵੈ।*

(ਸ੍ਰੀ ਦਸਮ ਗ੍ਰੰਥ)

ਗੁਰੂ ਜੀ ਨੂੰ ਮਸੰਦਾਂ ਵਿਰੁੱਧ ਕਈ ਸ਼ਿਕਾਇਤਾਂ ਮਿਲੀਆਂ। ਭਾਵੇਂ ਉਹ ਚੰਗੀ ਤਰ੍ਹਾਂ ਜਾਣਦੇ ਸਨ ਕਿ ਇਹਨਾਂ ਮਸੰਦਾਂ ਨੂੰ ਮੁਕਾਣ ਦਾ ਭਾਵ ਸਾਰੀ ਸਿੱਖ ਜਥੇਬੰਦੀ ਨੂੰ ਨਿਰੰਤਰ ਚਾਲ ਤੋਂ ਲਾਂਭੇ ਲਿਆਉਣਾ ਸੀ, ਫਿਰ ਵੀ ਉਹਨਾਂ ਮਸੰਦਾਂ ਵਿਰੁੱਧ ਸਖਤ ਕਦਮ ਚੁੱਕਿਆ। ਉਹਨਾਂ ਅੱਧ-ਪਚੱਧਾ ਰਾਹ ਨਾ ਅਪਣਾਇਆ। ਉਹਨਾਂ ਮਸੰਦ ਸੰਸਥਾ ਨੂੰ ਹੀ ਮੁਕਾਉਣ ਦਾ ਫੈਸਲਾ ਕਰ ਲਿਆ।

ਗੁਰੂ ਜੀ ਨੂੰ ਇੱਕ ਹੋਰ ਸਮੱਸਿਆ ਦਾ ਮੁਕਾਬਲਾ ਕਰਨਾ ਪਿਆ। ਜਦੋਂ ਗੁਰੂ ਤੇਗ ਬਹਾਦਰ ਸਾਹਿਬ ਗੁਰਗੱਦੀ ਉਤੇ ਬਿਰਾਜਮਾਨ ਹੋਏ ਸਨ। ਉਦੋਂ ਬਹੁਤ ਸਾਰੇ ਸੋਢੀ, ਜਿਹੜੇ ਗੁਰਗੱਦੀ ਉਤੇ ਬੈਠਣ ਦੇ ਦਾਅਵੇਦਾਰ ਬਣੇ ਹੋਏ ਸਨ। ਸਿੱਖਾਂ ਦੀਆਂ ਭੇਟਾਂ ਪ੍ਰਵਾਨ ਕਰਨ ਦੇ ਹੱਕਦਾਰ ਬਣ ਬੈਠੇ ਅਤੇ ਉਹਨਾਂ ਆਪਣੇ ਮਸੰਦ ਨਿਯੁਕਤ ਕਰ ਦਿੱਤੇ। ਇਸ ਤਰ੍ਹਾਂ ਸਿੱਖ ਧਰਮ ਉਪਰ ਇੱਕ ਵੱਡੀ ਫੁਟ-ਪਾਊ ਤਾਕਤ ਤਿਆਰ ਹੋ ਗਈ। ਗੁਰਗੱਦੀ ਉਤੇ ਬੈਠਣ ਵਾਲੇ ਚਾਹਵਾਨਾਂ ਦੇ ਲੋਭ ਨੇ ਕਈ ਭਿਆਨਕ ਸਿੱਟੇ ਲਿਆਂਦੇ। ਗੁਰੂ ਜੀ ਨੇ ਮਸੰਦਾਂ ਦੀ ਨਿਖੇਧੀ ਕਰਨ ਦੇ ਨਾਲ-ਨਾਲ ਧੀਰ ਮੱਲਾਂ ਅਤੇ ਰਾਮ ਰਾਈਆਂ ਦੀ ਵੀ ਨਿਖੇਧੀ ਕੀਤੀ ਅਤੇ ਸਿੱਖਾਂ ਨੂੰ ਆਦੇਸ਼ ਦਿੱਤਾ ਕਿ ਉਹ ਪ੍ਰਿਥਵੀ ਚੰਦ, ਧੀਰ ਮੱਲ ਅਤੇ ਰਾਮ ਰਾਏ ਦੀ ਸੰਤਾਨ ਨਾਲ ਕੋਈ ਸਬੰਧ ਨਾ ਜੋੜਨ। ਇਸ ਤਰ੍ਹਾਂ ਬੁਰਾਈਆਂ ਨੂੰ ਜੜ੍ਹੋਂ ਉਖਾੜਨ ਲਈ ਗੁਰੂ ਜੀ ਨੇ ਜਿਹੜੇ ਕਦਮ ਚੁੱਕੇ, ਇਹ ਉਨ੍ਹਾਂ ਵਿਚ ਸਭ ਤੋਂ ਮਹੱਤਵਪੂਰਨ ਸੀ, ਕਿਉਂਕਿ ਗੁਰੂ ਹਰਿਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਪਿੱਛੋਂ ਇਨ੍ਹਾਂ ਬੁਰਾਈਆਂ ਨੇ ਸਿੱਖ ਧਰਮ ਵਿੱਚ ਘਰ ਕਰ ਲਿਆ ਸੀ।

# ਗੁਰਮਤਿ ਸੰਗੀਤ ਪਰੰਪਰਾ ਦਾ ਪ੍ਰਸਿੱਧ ਮੌਸਮੀ ਰਾਗ- 'ਰਾਗੁ ਬਸੰਤੁ'

-ਸਤਿਮਾਨ ਸਿੰਘ ਫਿਲੌਰ

ਜਦੋਂ ਮੌਸਮੀ ਰਾਗਾਂ ਦੀ ਵਿਚਾਰ ਵਿਦਵਾਨਾਂ 'ਚ ਚਲਦੀ ਹੈ ਤਾਂ ਬਸੰਤ ਰੁੱਤ ਦੌਰਾਨ ਉਚੇਚੇ ਤੌਰ 'ਤੇ ਹਰ ਸਾਲ ਗਾਇਨ-ਵਾਦਨ ਕੀਤੇ ਜਾਂਦੇ 'ਰਾਗੁ ਬਸੰਤੁ' ਦਾ ਜ਼ਿਕਰ ਬਾਕਾਇਦਾ ਇਕ 'ਸ਼੍ਰੋਮਣੀ ਰਾਗ' ਵਜੋਂ ਹੋਣਾ ਸੁਭਾਵਿਕ ਹੀ ਲਾਜ਼ਮੀ ਬਣਦਾ ਹੈ। ਮੁੱਖ ਤੌਰ ਤੇ ਇਸਦੇ ਚਾਰ ਕਾਰਨ ਬਣਦੇ ਹਨ। ਪਹਿਲਾ ਬਸੰਤ ਰੁੱਤ ਤੇ ਬਸੰਤ ਰਾਗ ਦੇ ਨਾਂਅ ਦੀ ਸਮਾਨਤਾ ਹੋਣ ਕਾਰਨ, ਦੂਜਾ ਪ੍ਰਕਿਰਤਕ ਤੌਰ ਤੇ ਆਪਸ 'ਚ ਰਾਗ ਤੇ ਰੁੱਤ ਦੇ ਸੁਭਾਅ ਦੀ ਸੱਭਿਆਚਾਰਕ ਤੇ ਵਿਰਾਸਤੀ ਸਾਂਝ ਹੋਣ ਕਰਕੇ, ਤੀਜਾ ਧੰਨ-ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 'ਤਤਕਰਾ ਦੀ ਰਾਗ ਤਰਤੀਬ ਅਨੁਸਾਰ 31 ਸ਼ੁੱਧ ਰਾਗਾਂ 'ਚੋਂ 25ਵਾਂ ਸਥਾਨ ਬਖਸ਼ਿਸ਼ ਹੋਣ ਕਰਕੇ ਅਤੇ ਚੌਥਾ ਗੁਰਮਤਿ ਸੰਗੀਤ ਦੀ ਮਹਾਨ ਮਰਿਆਦਾ ਵਿਚ ਨਿਰਧਾਰਤ ਰਾਗ ਬਸੰਤ 'ਚ ਸ਼ਬਦ ਗਾਇਨ ਉਪਰੰਤ ਪੰਜਵੇਂ ਨਾਨਕ, ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ 'ਬਸੰਤ ਕੀ ਵਾਰ' ਦੇ ਪਉੜੀ ਤਾਲ 'ਚ ਗਾਇਨ ਕਰਨ ਕਰਕੇ।

ਗੁਰੂ-ਘਰ ਦੇ ਇਸ ਸਤਿਕਾਰਤ ਰਾਗ ਨੂੰ ਜੇਕਰ ਸੰਗੀਤ ਦੇ ਕਿਰਿਆਤਮਿਕ ਤੇ ਸੁਰਾਤਮਕ ਪੱਖ ਤੋਂ ਗਾਇਨ-ਵਾਦਨ ਕੀਤਾ ਜਾਵੇ ਤਾਂ ਚਾਰ ਵੱਖ-ਵੱਖ ਸਰੂਪ ਹੋਂਦ 'ਚ ਮੰਨੇ ਜਾਂਦੇ ਹਨ, ਜਿਨ੍ਹਾਂ 'ਚ (1) ਬਿਲਾਵਲ ਅੰਗ ਦਾ ਬਸੰਤ (ਸ਼ੁੱਧ ਸੁਰਾਂ ਵਾਲਾ), (2) ਪੂਰਵੀ ਅੰਗ ਦਾ ਬਸੰਤ (ਜੋ ਜ਼ਿਆਦਾਤਰ ਹਿੰਦੁਸਤਾਨੀ ਸ਼ਾਸਤਰੀ ਸੰਗੀਤ 'ਚ ਪ੍ਰਚਲਿਤ ਹੈ), (3) ਮਾਰਵਾ ਅੰਗ ਦਾ ਬਸੰਤ (ਜਿਸ ਦੇ ਆਰੋਹ 'ਚ ਰਿਸ਼ਭ ਤੇ ਪੰਚਮ ਸੁਰ ਵਰਜਿਤ ਪਰ ਅਵਰੋਹ ਦੇ ਸੁਰਾਂ 'ਚ ਪੰਚਮ ਦਾ ਪ੍ਰਯੋਗ ਹੁੰਦਾ ਹੈ), (4) ਕਲਿਆਨ ਅੰਗ ਦਾ ਬਸੰਤ (ਜੋ ਉਤਰਾਂਗ ਪ੍ਰਧਾਨ ਰਾਗ ਹੈ ਤੇ ਇਸ ਨੂੰ ਪੁਰਾਤਨ ਬਸੰਤ ਵੀ ਕਹਿੰਦੇ ਹਨ) ਸਰੂਪ ਪ੍ਰਚਾਰ 'ਚ ਹਨ।

ਇਤਿਹਾਸ ਇਸ ਗੱਲ ਦੀ ਬਿਲਕੁਲ ਮੁਕੰਮਲ ਗਵਾਹੀ ਪ੍ਰਦਾਨ ਕਰਦਾ ਹੈ ਕਿ ਪੁਰਾਤਨ ਸੰਗੀਤਕ ਦਿੱਖ ਤੇ ਆਪਣੀਆਂ ਵਿਲੱਖਣ ਸੁਰਾਵਲੀਆਂ ਦੇ ਧਾਰਨੀ ਇਸ ਪ੍ਰਸਿੱਧ ਤੇ ਪ੍ਰਚੱਲਿਤ ਰਾਗ ਨੂੰ ਜਿਥੇ ਰਾਗ-ਰਾਗਣੀ ਵਰਗੀਕਰਨ ਪਰੰਪਰਾ ਦੇ ਅੰਤਰਗਤ ਪੁਰਸ਼ ਰਾਗ ਹੋਣ ਦੀ ਮਾਨਤਾ ਤੋਂ ਇਲਾਵਾ ਕੁਝ ਸੰਗੀਤ ਵਿਦਵਾਨ ਇਸ ਰਾਗ ਨੂੰ ਰਾਗਣ ਵਜੋਂ ਸਵੀਕਾਰ ਕਰਦੇ ਰਹੇ ਹਨ, ਉਥੇ ਸਿੱਖੀ ਦੇ ਮਹਾਨ ਕੇਂਦਰ ਸੰਸਾਰ ਪ੍ਰਸਿੱਧ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ (ਸ੍ਰੀ ਅੰਮ੍ਰਿਤਸਰ) ਵਿਖੇ ਪੁਰਾਤਨ ਸਮੇਂ ਤੋਂ ਹੀ ਗੁਰੂ ਦਰਬਾਰ ਦੇ ਸਤਿਕਾਰਯੋਗ ਰਬਾਬੀਏ ਤੇ ਰਾਗੀ ਵੱਖ-ਵੱਖ ਤਾਲਾਂ 'ਚ ਤਾਲਬੱਧ ਕਰਕੇ ਰਾਗੁ ਬਸੰਤੁ 'ਚ ਹਰ ਸਾਲ ਸ਼ਬਦ ਕੀਰਤਨ ਕਰਕੇ ਹਾਜ਼ਰੀ ਲਗਵਾਉਂਦੇ ਆ ਰਹੇ ਹਨ, ਤੇ ਸਦਾ ਕਰਦੇ ਰਹਿਣਗੇ।

ਪਾਠਕਾਂ ਦੀ ਜਾਣਕਾਰੀ ਲਈ ਇਥੇ ਉਚੇਚਾ ਦੱਸਣਯੋਗ ਹੈ ਕਿ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਵਿਚ ਜਿਥੇ ਬਸੰਤ ਰਾਗ 'ਚ ਪਵਿੱਤਰ ਗੁਰਬਾਣੀ ਦਰਜ ਹੈ, ਉਥੇ ਇਕ ਹੋਰ ਮਿਸ਼ਰਤ ਸ਼੍ਰੇਣੀ ਦੇ ਰਾਗ 'ਬਸੰਤੁ ਹਿੰਡੋਲੁ' ਵਿਚ ਗੁਰਬਾਣੀ ਦਰਜ ਹੋਣ ਸਦਕਾ ਗੁਰਮਤਿ ਸੰਗੀਤ ਦੀ ਮਹਾਨ ਵਿਰਾਸਤ 'ਚ ਜਿਥੇ ਇਕ-ਇਕ ਸ਼ਬਦ ਦੀਆਂ ਅਨੇਕਾਂ ਬੰਦਿਸ਼ਾਂ ਪੁਰਾਤਨ ਤੇ ਨਵੀਆਂ ਪ੍ਰਚਲਨ 'ਚ ਸੁਣੀਆਂ ਜਾਂਦੀਆਂ ਹਨ, ਉਥੇ ਇਨ੍ਹਾਂ ਸੁੰਦਰ ਬੰਦਿਸ਼ਾਂ ਨੂੰ ਬਾਕਾਇਦਾ ਸੁਰਲਿਪੀਬੱਧ ਕਰਕੇ ਵੱਖ-ਵੱਖ ਸੰਗੀਤ ਵਿਦਵਾਨਾਂ ਵੱਲੋਂ ਸ਼ਲਾਘਾਯੋਗ ਉਪਰਾਲੇ ਕਰਕੇ, ਬੰਦਸ਼ਾਂ

ਦਾ ਸੰਗ੍ਰਹਿ ਪ੍ਰਕਾਸ਼ਿਤ ਕਰਕੇ ਵੀ ਗੁਰਬਾਣੀ ਸੰਗੀਤ ਦਾ ਪ੍ਰਚਾਰ ਸਮੁੱਚੀ ਮਾਨਵਤਾ ਲਈ ਕੀਤਾ ਜਾ ਰਿਹਾ ਹੈ।

ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ 1168 ਤੋਂ ਆਰੰਭ ਹੋ ਕੇ ਅੰਗ 1196 ਤੱਕ ਦਰਜ ਰਾਗ ਬਸੰਤ ਵਿਚ ਦਰਜ ਗੁਰਬਾਣੀ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ 13, ਸ੍ਰੀ ਗੁਰੂ ਅਮਰਦਾਸ ਜੀ ਦੇ 19, ਸ੍ਰੀ ਗੁਰੂ ਰਾਮਦਾਸ ਜੀ ਦੇ 2 ਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ 20 ਸ਼ਬਦ ਦਰਜ ਹਨ, ਜਦਕਿ ਰਾਗ 'ਬਸੰਤੁ ਹਿੰਡੋਲੁ' ਵਿਚ ਪਹਿਲੇ ਪਾਤਸ਼ਾਹ ਦੇ 5, ਤੀਜੇ ਪਾਤਸ਼ਾਹ ਦਾ ਇਕ, ਚੌਥੇ ਪਾਤਸ਼ਾਹ ਦੇ 6, ਪੰਜਵੇਂ ਪਾਤਸ਼ਾਹ ਦੇ 3 ਅਤੇ 5 ਸ਼ਬਦ ਨੌਵੇਂ ਪਾਤਸ਼ਾਹ ਦੇ ਦਰਜ ਹਨ। ਅੰਗ 1193 'ਤੇ 'ਬਸੰਤ ਕੀ ਵਾਰ ਮਹਲੁ ੫' ਦਰਜ ਹੈ, ਜਿਸ ਦੀਆਂ ਤਿੰਨ ਪਉੜੀਆਂ ਹਨ। ਅੰਗ 1193 ਤੋਂ 1196 ਤੱਕ ਭਗਤ ਬਾਣੀ ਦਰਜ ਹੈ, ਜਿਸ ਵਿਚ ਭਗਤ ਕਬੀਰ ਜੀ ਦੇ 7, ਭਗਤ ਰਾਮਾਨੰਦ ਜੀ ਦਾ 1, ਭਗਤ ਰਵਿਦਾਸ ਜੀ ਦਾ 1 ਤੇ ਭਗਤ ਨਾਮਦੇਉ ਜੀ ਦੇ 3 ਸ਼ਬਦ ਹਨ, ਜਦਕਿ 'ਰਾਗੁ ਬਸੰਤ ਹਿੰਡੋਲੁ' ਵਿਚ ਭਗਤ ਕਬੀਰ ਜੀ ਦਾ ਇਕ ਸ਼ਬਦ ਦਰਜ ਹੈ।

ਉਂਜ ਤਾਂ ਬਸੰਤ ਰੁੱਤ ਦੌਰਾਨ ਸਾਰੇ ਇਤਿਹਾਸਕ ਗੁਰੂ-ਘਰਾਂ 'ਚ ਬਸੰਤ ਰਾਗ ਦੀਆਂ ਸੁਰਾਵਲੀਆਂ ਵਿਚ ਕੀਰਤਨ ਹੁੰਦਾ ਹੀ ਹੈ ਪਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ (ਸ੍ਰੀ ਅੰਮ੍ਰਿਤਸਰ) ਵਿਚ ਇਕ ਵਿਸ਼ੇਸ਼ ਮਰਿਆਦਾ ਹੈ। ਪੋਹ ਮਹੀਨੇ ਦੀ ਅਖੀਰਲੀ ਰਾਤ ਕਰੀਬ ਪੌਣੇ ਕੁ ਨੌਂ ਵਜੇ ਸ੍ਰੀ ਹਰਿਮੰਦਰ ਸਾਹਿਬ ਅੰਦਰ ਹੋ ਰਹੇ ਸ਼ਬਦ ਕੀਰਤਨ ਦੌਰਾਨ ਉਚੇਚੇ ਤੌਰ 'ਤੇ ਹਾਜ਼ਰ ਹਜ਼ੂਰੀ ਰਾਗੀ ਜਥਾ ਸ੍ਰੀ 'ਅਨੰਦ ਸਾਹਿਬ' ਦੀਆਂ 6 ਪਉੜੀਆਂ ਦਾ ਕੀਰਤਨ ਕਰਦਾ ਹੈ, ਉਪਰੰਤ ਹਾਜ਼ਰ ਅਰਦਾਸੀਆ ਸਿੰਘ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਬਸੰਤੁ ਰਾਗੁ ਵਿਚ ਸ਼ਬਦ ਗਾਇਨ ਕਰਨ ਦੀ ਆਰੰਭਤਾ ਵਾਸਤੇ ਅਰਦਾਸ ਬੇਨਤੀ ਕਰਦਾ ਹੈ। ਉਪਰੰਤ ਰਾਗੀ ਜਥਾ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਸ਼ਬਦ 'ਮਾਹਾ ਮਾਹ ਮੁਮਾਰਖੀ ਚੜਿਆ ਸਦਾ ਬਸੰਤੁ' ਦਾ ਗਾਇਨ ਬਾਕਾਇਦਾ ਨਿਰਧਾਰਤ ਰਾਗ ਵਿਚ ਕਰਦਾ ਹੈ। ਇਸ ਤਰ੍ਹਾਂ ਸ੍ਰੀ ਹਰਿਮੰਦਰ ਸਾਹਿਬ ਅੰਦਰ ਰਾਗੁ ਬਸੰਤੁ ਵਿਚ ਸ਼ਬਦ ਗਾਇਨ ਕਰਨ ਦੀ ਆਰੰਭਤਾ ਪੂਰਨ ਮਰਿਆਦਾ ਅਨੁਸਾਰ ਬਹੁਤ ਸ਼ਰਧਾ ਭਾਵਨਾ ਨਾਲ ਕਰ ਦਿੱਤੀ ਜਾਂਦੀ ਹੈ।

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਰੋਜ਼ਾਨਾ ਦੀ ਕੀਰਤਨ ਮਰਿਆਦਾ ਦੇ ਅੰਤਰਗਤ 'ਆਸਾ ਕੀ ਵਾਰ' ਕੀਰਤਨ ਚੌਕੀ ਦੇ ਵਿਚ ਤੇ ਬਾਕੀ ਸਾਰੀਆਂ (ਆਰਤੀ ਦੀ ਸ਼ਬਦ ਚੌਕੀ ਨੂੰ ਛੱਡ ਕੇ) ਕੀਰਤਨ ਚੌਕੀਆਂ ਦੇ ਆਰੰਭ ਤੇ ਭੋਗ ਸਮੇਂ ਬਸੰਤ ਰਾਗੁ ਦੀਆਂ ਸੁਰਾਵਲੀਆਂ ਵਿਚ ਸ਼ਬਦ ਗਾਇਨ ਕੀਤਾ ਜਾਂਦਾ ਹੈ। ਕੀਰਤਨ ਚੌਕੀ ਦੀ ਆਰੰਭਤਾ ਸਮੇਂ ਰਾਗੀ ਸਿੰਘਾਂ ਵੱਲੋਂ ਸਾਜ਼ ਸੁਰ ਕਰਨ ਉਪਰੰਤ ਬਹੁਤ ਹੀ ਸਹਿਜ ਸੁਰਾਂ 'ਚ ਤਾਲਬੱਧ ਮੰਗਲਾਚਰਨ (ਇਕ ਤਾਲ 'ਚ ਬਿਲੰਵਤ ਲੈਅ 'ਚ) ਦਾ ਗਾਇਨ ਕਰਨ ਉਪਰੰਤ ਸ਼ਬਦ ਦਾ ਆਰੰਭ ਤਿੰਨ ਤਾਲ-ਰੂਪਕ ਤਾਲ, ਝੱਪ ਤਾਲ ਜਾਂ ਇਕ ਤਾਲ ਵਿਚ (ਮੱਧ ਲੈਅ 'ਚ) ਕਰ ਦਿੱਤਾ ਜਾਂਦਾ ਹੈ। ਫਿਰ ਸਥਾਈ ਦਾ ਗਾਇਨ ਕਰਕੇ ਸਹਾਇਕ ਤੇ ਜਥੇਦਾਰ ਰਾਗੀ ਸਿੰਘ ਦੋਵੇਂ ਵਾਰੀ-ਵਾਰੀ ਛੋਟੇ-ਛੋਟੇ ਆਲਾਪ, ਬੋਲ ਆਲਾਪ, ਆਕਾਰ 'ਚ ਤਾਨਾਂ ਅਤੇ ਬੋਲਤਾਨਾਂ ਆਦਿ ਦਾ ਪ੍ਰਯੋਗ ਬਾਕਾਇਦਾ ਲੈਅਕਾਰੀ ਨਾਲ ਬਹੁਤ ਸੁੰਦਰ ਤੇ ਪ੍ਰਭਾਵਸ਼ੀਲ ਢੰਗ ਨਾਲ ਕਰਦੇ ਹਨ। ਜਦੋਂ ਦੋਵੇਂ ਰਾਗੀ ਸਿੰਘ ਸ਼ਬਦ ਦੀ ਸਥਾਈ ਦਾ ਗਾਇਨ ਕਰ ਰਹੇ ਹੁੰਦੇ ਹਨ ਤਾਂ ਜੋੜੀ ਵਾਲਾ ਗੁਰਸਿੱਖ ਵੀਰ ਛੋਟੇ-ਛੋਟੇ ਮੁਖੜੇ, ਮੋਹਰੇ, ਪਰਨਾਂ ਤੇ ਚੱਕਰਦਾਰ ਟੁਕੜਿਆਂ ਆਦਿ ਦਾ ਬਾਖੂਬੀ ਵਾਦਨ ਕਰਦਾ ਹੈ। ਇਸੇ ਤਰ੍ਹਾਂ ਤੰਤੀ ਸਾਜ਼ ਵਾਲਾ ਸਿੰਘ ਵੀ ਜਿਥੇ ਬਹੁਤ ਸ਼ਰਧਾ ਨਾਲ ਸੰਗਤੀ ਕਰਦਾ ਹੈ, ਉਥੇ ਦੋਵੇਂ ਰਾਗੀ ਸਿੰਘਾਂ ਵੱਲੋਂ ਸ਼ਬਦ ਦੇ ਅੰਤਰਿਆਂ 'ਚ ਤਾਨਾਂ, ਆਲਾਪਾਂ ਤੇ ਤਿਹਾਈਆਂ ਆਦਿ ਦਾ ਕਲਾਤਮਿਕ ਪੱਖੋਂ ਬਹੁਤ ਸੁੰਦਰ ਪ੍ਰਯੋਗ ਕਰਕੇ ਲੈਅ ਨੂੰ ਥੋੜ੍ਹਾ ਵਧਾ ਕੇ ਸ਼ਬਦ ਦੀ ਸਮਾਪਤੀ ਕਰ ਦਿੱਤੀ ਜਾਂਦੀ ਹੈ। ਜ਼ਿਕਰਯੋਗ ਹੈ ਕਿ ਹਾਜ਼ਰ ਸੰਗਤਾਂ ਵੀ ਸੰਗਤੀ ਰੂਪ 'ਚ ਸ਼ਬਦ ਦਾ ਗਾਇਨ ਕਰਕੇ ਹਰਿ ਜਸ ਦਾ ਭਰਪੂਰ ਲਾਭ ਉਠਾਉਂਦੀਆਂ ਹਨ।

ਜਦੋਂ ਸ਼ਬਦ ਦੀ ਸਮਾਪਤੀ ਇਕ ਛੋਟੀ ਜਿਹੀ ਤਿਹਾਈ ਲਗਾ ਕੇ ਕਰ ਦਿੱਤੀ ਜਾਂਦੀ ਹੈ ਤਾਂ ਫਿਰ ਮੁੱਖ ਰਾਗੀ ਸਿੰਘ ਉੱਚੇ ਸੁਰ ਆਵਾਜ਼ 'ਚ ਪੰਚਮ ਸਤਿਗੁਰੂ ਮਹਾਰਾਜ ਜੀ ਦਾ ਉਚਾਰਨ ਕੀਤਾ ਸਲੋਕ 'ਹਰਿ ਹਰਿ ਨਾਮ ਜਪੰਤਿਆਂ ਕਛੁ ਨ ਕਹੈ ਜਮਕਾਲੁ॥ (ਅੰਗ 457) ਦਾ ਗਾਇਨ ਤਾਲ ਰਹਿਤ ਕਰਦਾ ਹੈ। ਉਪਰੰਤ ਪੰਚਮ ਪਾਤਸ਼ਾਹ ਜੀ ਦੀ ਉਚਾਰਨ ਕੀਤੀ ਹੋਈ 'ਬਸੰਤ ਕੀ ਵਾਰ' (ਅੰਗ 1193) ਦੀ ਪਹਿਲੀ ਪਉੜੀ 'ਹਰਿ ਨਾ ਨਾਮੁ ਧਿਆਇ ਕੈ ਹੋਹੁ ਹਰਿਆ ਭਾਈ॥ ਦਾ ਗਾਇਨ ਪਹਿਲਾਂ ਰਾਗੀ ਜਥੇ ਵੱਲੋਂ ਸਮੂਹਿਕ ਤੌਰ ਤੇ ਤਾਲ ਸਹਿਤ ਕਰਕੇ ਫਿਰ ਦੁਬਾਰਾ ਸਹਾਇਕ ਰਾਗੀ ਸਿੰਘ ਇਸੇ ਪਉੜੀ ਦਾ ਗਾਇਨ ਤਾਲ ਰਹਿਤ ਕਰਦਾ ਹੈ। ਫਿਰ ਜਥੇਦਾਰ ਰਾਗੀ ਸਿੰਘ ਸਲੋਕੁ॥ ਕਾਮ ਕ੍ਰੋਧ ਅਰੁ ਲੋਭ ਮੋਹ ਬਿਨਸਿ ਜਾਇ ਅਹੰਮੇਵ॥ (ਅੰਗ 269) ਦਾ ਗਾਇਨ ਤਾਲ ਰਹਿਤ ਕਰਦਾ ਹੈ ਤੇ ਫਿਰ ਸਮੂਹਿਕ ਤੌਰ ਤੇ ਦੋਵੇਂ ਰਾਗੀ ਸਿੰਘ 'ਬਸੰਤ ਕੀ ਵਾਰ' ਦੀ ਦੂਜੀ ਪਉੜੀ 'ਪੰਜੇ ਬਧੇ ਮਹਾਬਲੀ ਕਰਿ ਸਚਾ ਢੋਆ॥' ਦਾ ਗਾਇਨ ਪਹਿਲਾਂ ਤਾਲ ਸਹਿਤ ਕਰਕੇ ਫਿਰ ਸਹਾਇਕ ਰਾਗੀ ਸਿੰਘ ਇਸੇ ਪਉੜੀ ਦਾ ਦੁਬਾਰਾ ਗਾਇਨ ਤਾਲ ਰਹਿਤ ਕਰਦਾ ਹੈ।

ਪਾਠਕ ਇਸ ਗੱਲ ਨੂੰ ਖਾਸ ਧਿਆਨ 'ਚ ਲੈਣ ਕਿ ਜਿਥੇ ਆਮ ਤੌਰ 'ਤੇ ਕੀਰਤਨੀ ਜਥੇ ਬਸੰਤ ਰਾਗ 'ਚ ਸ਼ਬਦ ਗਾਇਨ ਕਰਕੇ ਬਸੰਤ ਕੀ ਵਾਰ ਦੀਆਂ ਦੋ ਪਉੜੀਆਂ ਰੀਤਾਂ 'ਚ ਸ਼ਬਦ ਗਾਇਨ ਕਰਦੇ ਹਨ, ਉਥੇ ਕੁਝ ਕੁ ਗਿਣੇ-ਚੁਣੇ ਰਾਗੀ ਸਿੰਘ ਇਸ ਪੱਧਰ ਦੇ ਵੀ ਹਨ, ਜੋ ਬਸੰਤ ਰਾਗ ਤੋਂ ਇਲਾਵਾ ਹੋਰ ਰਾਗ ਜਿਵੇਂ ਬਸੰਤੁ ਹਿੰਡੋਲੁ ਤੋਂ ਇਲਾਵਾ 'ਬਸੰਤ ਬਹਾਰ' ਆਦਿ ਰਾਗਾਂ 'ਚ ਵੀ ਸ਼ਬਦ ਗਾਇਨ ਕਰਕੇ ਗੁਰੂ ਦਰਬਾਰ ਦੀਆਂ ਖੁਸ਼ੀਆਂ ਪ੍ਰਾਪਤ ਕਰਦੇ ਹਨ।

ਹਰ ਕੀਰਤਨ ਚੌਕੀ ਦੀ ਸਮਾਪਤੀ ਸਮੇਂ ਸਹਾਇਕ ਰਾਗੀ ਸਿੰਘ ਪਹਿਲੇ ਪਾਤਸ਼ਾਹ ਜੀ ਦਾ ਰਚਿਤ ਸਲੋਕ 'ਨਾ ਮੈਲਾ ਨਾ ਧੁੰਧਲਾ ਨਾ ਭਗਵਾ ਨਾ ਕਚੁ॥' (ਅੰਗ 1089) ਦਾ ਗਾਇਨ ਤਾਲ ਰਹਿਤ ਕਰਨ ਉਪਰੰਤ ਰਾਗੀ ਜਥਾ ਸਮੂਹਿਕ ਤੌਰ ਤੇ ਬਸੰਤ ਕੀ ਵਾਰ ਦੀ ਤੀਜੀ ਪਉੜੀ 'ਕਿਥਹੁ ਉਪਜੈ ਕਹ ਰਹੈ ਕਹ ਮਾਹਿ ਸਮਾਵੈ॥' ਦਾ ਗਾਇਨ ਤਾਲ ਸਹਿਤ ਕਰਦਾ ਹੈ ਤੇ ਫਿਰ ਸਹਾਇਕ ਰਾਗੀ ਸਿੰਘ ਦੁਬਾਰਾ ਤਾਲ ਰਹਿਤ ਗਾਇਨ ਕਰਦਾ ਹੈ। ਉਪਰੰਤ ਸ੍ਰੀ 'ਜਪੁ' ਜੀ ਸਾਹਿਬ ਦਾ ਸਲੋਕੁ 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥' ਦਾ ਗਾਇਨ ਵੀ ਬਸੰਤ ਰਾਗ ਦੀਆਂ ਸੁਰਾਵਲੀਆਂ 'ਚ ਕਰਕੇ ਚੌਕੀ ਦੀ ਸਮਾਪਤੀ ਲਈ ਫਤਹਿ ਬੁਲਾਈ ਜਾਂਦੀ ਹੈ। ਹੋਲਾ-ਮਹੱਲਾ ਦੇ ਦਿਹਾੜੇ ਦੀ 'ਆਸਾ ਕੀ ਵਾਰ' ਕੀਰਤਨ ਚੌਕੀ 'ਚ ਉਚੇਚੇ ਤੌਰ 'ਤੇ ਅਰਦਾਸੀਆ ਸਿੰਘ ਬਸੰਤ ਰਾਗ ਦਾ ਸ਼ਬਦ ਗਾਇਨ ਦੀ ਸਮਾਪਤੀ ਲਈ ਅਰਦਾਸ ਬੇਨਤੀ ਕਰਦਾ ਹੈ। ਉਪਰੰਤ ਰੋਜ਼ਾਨਾ ਪ੍ਰਚੱਲਿਤ ਰਾਗਾਂ 'ਚ ਸ਼ਬਦ ਕੀਰਤਨ ਆਰੰਭ ਹੋ ਜਾਂਦਾ ਹੈ।

---

**ਸੁਣੀ ਪੁਕਾਰਿ ਦਾਤਾਰ ਪ੍ਰਭੁ, ਗੁਰੁ ਨਾਨਕ ਜਗ ਮਾਹਿ ਪਠਾਇਆ।**

**ਚਰਨ ਧੋਇ ਰਹਰਾਸਿ ਕਰਿ ਚਰਣਾਮ੍ਰਿਤੁ ਸਿਖਾਂ ਪੀਲਾਇਆ।**

# ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ੫੫੦ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ

# ਕਰਤਾਰਪੁਰ ਸਾਹਿਬ ਦੀ ਇਤਿਹਾਸਿਕ ਮਹੱਤਤਾ

ਭਾਰਤ ਦੇਸ਼ 1947 ਈ: ਨੂੰ ਦੋ ਹਿੱਸਿਆਂ ਵਿਚ ਵੰਡਿਆ ਗਿਆ। ਪਾਕਿਸਤਾਨ ਵਿਚ ਰਹਿ ਰਹੇ ਸਿੱਖ ਤੇ ਹਿੰਦੂ ਆਪਣੀਆਂ ਕੀਮਤੀ ਜਾਇਦਾਦਾਂ ਪਾਕਿਸਤਾਨ ਛੱਡ ਕੇ ਭਾਰਤ ਵੱਲ ਤੁਰ ਪਏ। ਸਿੱਖ ਆਪਣੇ ਪ੍ਰਾਣਾਂ ਨਾਲੋਂ ਵੱਧ ਪਿਆਰੇ ਇਤਿਹਾਸਿਕ ਅਤੇ ਧਾਰਮਿਕ ਅਸਥਾਨਾਂ ਨੂੰ ਛੱਡ ਭਾਰਤ ਵਿਚ ਆ ਵੱਸੇ। ਪਾਕਿਸਤਾਨ ਵਿਚ ਸਿੱਖਾਂ ਦੇ ਸੈਂਕੜੇ ਧਾਰਮਿਕ ਅਤੇ ਇਤਿਹਾਸਿਕ ਅਸਥਾਨ ਹਨ। ਕਰਤਾਰਪੁਰ ਸਾਹਿਬ ਦਾ ਗੁਰਦੁਆਰਾ ਉਨ੍ਹਾਂ ਵਿਚੋਂ ਇਕ ਹੈ। ਖਾਲਸਾ-ਪੰਥ ਪਿੱਛਲੇ 71 ਸਾਲਾਂ ਤੋਂ ਹਰ ਸਮੇਂ ਅਰਦਾਸ ਕਰਦਾ ਹੋਇਆ ਵਾਹਿਗੁਰੂ ਅੱਗੇ ਜੋਦੜੀ ਕਰਦਾ ਹੈ-

'ਹੇ ਅਕਾਲ ਪੁਰਖ ਆਪਣੇ ਪੰਥ ਦੇ ਸਦਾ ਸਹਾਈ ਜੀਓ! ਸ੍ਰੀ ਨਨਕਾਣਾ ਸਾਹਿਬ ਤੇ ਹੋਰ ਗੁਰਦੁਆਰਿਆਂ ਗੁਰਧਾਮਾਂ ਦੇ ਜਿਨ੍ਹਾਂ ਤੋਂ ਪੰਥ ਨੂੰ ਵਿਛੋੜਿਆ ਗਿਆ ਹੈ, ਖੁੱਲੇ ਦਰਸ਼ਨ-ਦੀਦਾਰ ਤੇ ਸੇਵਾ-ਸੰਭਾਲ ਦਾ ਦਾਨ ਖ਼ਾਲਸਾ ਜੀ ਨੂੰ ਬਖਸ਼ੋ।''

ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਦੇਸ਼ ਦੀ ਅਜ਼ਾਦੀ ਦੀ ਖੁਸ਼ੀ ਵਿਚ ਗੁਰੂ-ਪੰਥ ਦੇ ਉੱਜਲ ਭਵਿੱਖ ਨੂੰ ਮੁੱਖ ਰੱਖ ਕੇ ਨਵੰਬਰ 1948 ਈ: ਦੀ ਦੀਪਮਾਲਾ ਸਮੇਂ ਇਕ ਹੁਕਮਨਾਮਾ ਜਾਰੀ ਹੋਇਆ ਹੈ।

'ਸਾਡਾ ਭਾਰਤ ਬਦੇਸ਼ੀ ਗੁਲਾਮੀ ਤੋਂ ਅਜ਼ਾਦ ਹੋ ਚੁੱਕਾ ਹੈ ਤੇ ਅਜ਼ਾਦੀ ਦੀ ਭੇਟਾ ਸਿੱਖ ਸੰਗਤ ਨੇ ਬਹੁਤ ਦਿੱਤੀ ਹੈ। ਅਜ਼ਾਦ ਭਾਰਤ ਵਿਚ ਅਸਾਂ ਪੰਥ ਨੂੰ ਚੜ੍ਹਦੀਆਂ ਕਲਾਂ ਵਿਚ ਰੱਖਣਾ ਹੈ ਅਤੇ ਦੇਸ਼ ਨੂੰ ਤਰੱਕੀ ਦੇ ਸ਼ਿਖਰ ਉੱਤੇ ਪਹੁੰਚਾਉਣਾ ਹੈ। ਇਸ ਲਈ ਸਿੱਖ ਸੰਗਤ ਨੂੰ ਹੇਠ ਲਿਖੀਆਂ ਗੱਲਾਂ ਵੱਲ ਖ਼ਾਸ ਧਿਆਨ ਹੋਣਾ ਚਾਹੀਦਾ ਹੈ:

1. ਪਾਕਿਸਤਾਨ ਵਿਚ ਰਹਿ ਗਏ ਗੁਰਦੁਆਰਿਆਂ ਤੇ ਮਾਸੂਮ ਹਿੰਦੀ ਭੈਣਾਂ ਦੀ ਅਜ਼ਾਦੀ ਲਈ ਅਕਾਲ ਪੁਰਖ ਅੱਗੇ ਅਰਦਾਸ ਕਰਨੀ।
2. ਪਾਕਿਸਤਾਨ ਵਿਚ ਘਰ-ਘਾਟ ਲਟਾਂ ਆਏ ਭਰਾਵਾਂ ਦੇ ਮੁੜ ਵਸਾਉਣ ਲਈ ਉੱਦਮ ਤੇ ਸਹਾਇਤਾ ਕਰਨੀ।
3. ਦੇਸ਼ ਦੀ ਰੱਖਿਆ ਲਈ ਫੌਜੀ ਸਿੱਖਿਆ ਲੈਣੀ।
4. ਸ਼ਰਾਬ-ਮੀਟ ਦਾ ਤਿਆਗ ਕਰਨਾ।

ਉਸ ਸਮੇਂ ਤੋਂ ਸਿੱਖ ਸੰਗਤਾਂ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ-ਦੀਦਾਰੇ ਲਈ ਅਰਦਾਸੇ ਕਰਦੀਆਂ ਆ ਰਹੀਆਂ ਹਨ। ਉਸ ਸਮੇਂ ਜਥੇਦਾਰ ਮੋਹਨ ਸਿੰਘ ਨਾਗੋਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਨ।

ਕਰਤਾਰਪੁਰ ਦਾ ਅਸਥਾਨ ਵੀ ਉਨ੍ਹਾਂ ਵਿਚੋਂ ਹੈ, ਜਿਸ ਨਾਲੋਂ ਪੰਥ ਨੂੰ ਵਿਛੋੜਿਆ ਗਿਆ ਹੈ। ਸ੍ਰੀ ਗੁਰੂ ਨਾਨਕ ਸਾਹਿਬ ਨੇ ਪਹਿਲੀ ਉਦਾਸੀ ਤੋਂ ਬਾਅਦ ਹੀ ਦੇਖ ਲਿਆ ਸੀ ਕਿ ਜੋ ਕੁਝ ਉਹ ਲੋਕਾਂ ਨੂੰ ਪ੍ਰਚਾਰ ਕਰ ਆਏ ਹਨ, ਉਸਦਾ ਪ੍ਰਤੱਖ ਪ੍ਰਮਾਣ ਦੇਣ ਲਈ ਕੋਈ ਨਾ ਕੋਈ ਥਾਂ ਕਾਇਮ ਕਰਨੀ ਜ਼ਰੂਰੀ ਹੈ। ਤਲਵੰਡੀ ਇਕ ਪਾਸੇ ਸੀ, ਗੁਰੂ ਜੀ ਨੇ ਰਾਵੀ, ਚਨਾਬ ਤੇ ਪਹਾੜੀ ਇਲਾਕੇ ਦੇ ਨੇੜੇ ਕੋਈ ਥਾਂ ਚੁਣਨ ਲਈ ਸੋਚਿਆ। ਉਸ ਸਮੇਂ ਬਾਬਰ ਐਮਨਾਬਾਦ ਤੋਂ ਵਾਪਸ ਚਲਾ ਗਿਆ ਸੀ, ਪਰ ਉਸ ਦਾ ਹਮਲਾ ਕੋਈ ਆਖਰੀ ਹਮਲਾ ਨਹੀਂ ਸੀ। ਜਰਨੈਲੀ ਸੜਕ ਦੇ ਨੇੜੇ ਕਿਸੇ ਸਥਾਨ ਦਾ ਨਿਰਮਾਣ ਕਰਨਾ ਉਸ ਜੁਗ-ਗਰਦੀ ਜ਼ਮਾਨੇ ਵਿਚ ਉੱਚਿਤ ਨਹੀਂ ਸੀ। ਕਰਤਾਰਪੁਰ ਦਾ ਸਾਰਾ ਇਲਾਕਾ ਦੱਬਿਆ ਹੋਇਆ ਅਤੇ ਪਛੜਿਆ ਹੋਇਆ ਸੀ। ਜਿਸ ਥਾਂ ਨੂੰ ਸ੍ਰੀ ਗੁਰੂ ਨਾਨਕ ਸਾਹਿਬ ਨੇ ਚੁਣਿਆ, ਉਹ ਕਲਾਨੌਰ ਦੇ ਪਰਗਨੇ ਵਿਚ ਪੈਂਦਾ ਸੀ।

ਸ੍ਰੀ ਗੁਰੂ ਨਾਨਕ ਸਾਹਿਬ ਜੀ ਦੁਨੀ ਚੰਦ ਨੂੰ ਸੁਮਾਰਗ ਪਾ ਕੇ ਲਾਹੌਰ ਤੋਂ ਰਾਵੀ ਦੇ ਖੱਬੇ ਕਿਨਾਰੇ ਦੇ ਨਾਲ-ਨਾਲ ਚੱਲਦੇ ਹੋਏ 'ਪੱਖੋਕੇ ਰੰਧਾਵੇ' ਪਹੁੰਚ ਕੇ ਪਿੰਡ ਤੋਂ ਬਾਹਰ ਇਕ ਬੋਹੜ ਹੇਠਾਂ ਬੈਠ ਗਏ। ਅੱਜਕਲ੍ਹ ਜੋ ਡੇਰਾ ਬਾਬਾ ਨਾਨਕ ਕਸਬਾ ਹੈ ਇਸ ਦੇ ਬਿਲਕੁਲ ਨਾਲ ਹੀ ਪਿੰਡ ਪੱਖੋਕੇ ਹੈ, ਜਿੱਥੋਂ ਦਾ ਮਸ਼ਹੂਰ ਸਿੱਖ ਅੱਜਿਤਾ ਰੰਧਾਵਾ ਹੋਇਆ ਹੈ। ਜਿਸ ਕੋਲ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਆਇਆ ਕਰਦੇ ਸਨ। ਇਥੋਂ 12 ਕਿਲੋਮੀਟਰ ਦੂਰ ਕਲਾਨੌਰ ਹੈ, ਜਿੱਥੇ ਅਕਬਰ ਬਾਦਸ਼ਾਹ ਦੀ ਤਾਜਪੋਸ਼ੀ ਹੋਈ ਸੀ। ਪੱਖੋਕੇ ਰੰਧਾਵੇ ਪਿੰਡ ਗੁਰੂ ਜੀ ਦਾ ਸਹੁਰਾ ਮੂਲਾ ਚੋਣਾ ਪਟਵਾਰੀ ਰਹਿੰਦਾ ਸੀ ਅਤੇ ਇਸ ਸਮੇਂ ਮਾਤਾ ਸੁਲੱਖਣੀ ਜੀ ਤੇ ਦੋਵੇਂ ਸਾਹਿਬਜ਼ਾਦੇ ਵੀ ਇੱਥੇ ਹੀ ਰਹਿੰਦੇ ਸਨ। ਜਦ ਮੂਲੇ ਚੋਣੇ ਨੂੰ ਪਤਾ ਲੱਗਿਆ ਕਿ ਗੁਰੂ ਨਾਨਕ ਪਾਤਸ਼ਾਹ ਜੀ ਬਾਹਰ ਬੋਹੜ ਹੇਠਾਂ ਫ਼ਕੀਰੀ ਭੇਸ ਵਿਚ ਬੈਠੇ ਹੋਏ ਹਨ, ਤਾਂ ਉਹ ਪਿੰਡ ਤੇ ਚੌਧਰੀ ਅੱਜਿਤੇ ਰੰਧਾਵੇ ਨੂੰ ਨਾਲ ਲੈ ਕੇ ਗੁਰੂ ਜੀ ਪਾਸ ਆਏ ਅਤੇ ਬਹੁਤ ਵੱਧ-ਘੱਟ ਗੱਲਾਂ ਕੀਤੀਆਂ। ਪਰ ਕੁਝ ਦਿਨਾਂ ਬਾਅਦ ਗੁਰੂ ਸਾਹਿਬ ਨੇ ਕਰਤਾਰਪੁਰ ਵਸਾਉਣ ਦਾ ਵਿਚਾਰ ਭਾਈ ਅਜਿੱਤੇ ਰੰਧਾਵੇ ਨੂੰ ਦੱਸਿਆ। ਉਹ ਨਾ ਸਿਰਫ ਖੁਸ਼ ਹੋਇਆ, ਸਗੋਂ ਸਾਰੇ ਪਿੰਡਾਂ ਕੋਲੋਂ ਜ਼ਮੀਨ ਵੀ ਲੈ ਦਿੱਤੀ। ਭਾਈ ਅਜਿੱਤੇ ਰੰਧਾਵੇ ਨੇ ਗੁਰੂ ਜੀ ਦੇ ਨਿਵਾਸ ਵਾਸਤੇ ਛੇਤੀ ਹੀ ਕੋਠੇ ਪਾ ਦਿਤੇ। ਇਤਿਹਾਸ ਵਿਚ ਜ਼ਿਕਰ ਹੈ ਕਿ 13 ਮਾਘ ਸੰਮਤ 1572 ਨੂੰ ਮੋੜੀ ਗੱਡੀ, ਇਸ ਤਰ੍ਹਾਂ ਇਹ ਜਨਵਰੀ ਦੀ 9 ਤਾਰੀਖ ਸੰਨ 1516 ਈ: ਬਣਦਾ ਹੈ।

ਇਕ ਵਾਰ ਸ੍ਰੀ ਗੁਰੂ ਨਾਨਕ ਸਾਹਿਬ ਜੀ ਅਤੇ ਭਾਈ ਮਰਦਾਨਾ ਜੀ ਕੀਰਤਨ ਕਰਨ ਵਿਚ ਮਗਨ ਸਨ ਅਤੇ ਇਹ ਕੀਰਤਨ ਸੁਣ ਕੇ ਉਸ ਸਥਾਨ 'ਤੇ ਦੁਨੀ ਚੰਦ ਨਾਂਅ ਦੇ ਵਿਅਕਤੀ ਦੀ ਪਤਨੀ ਮੀਤੋ ਆਈ ਤੇ ਉਹ ਸ੍ਰੀ ਗੁਰੂ ਨਾਨਕ ਸਾਹਿਬ ਜੀ ਤੋਂ ਬੇਹੱਦ ਪ੍ਰਭਾਵਿਤ ਹੋਈ। ਉਸ ਨੇ ਇਸ ਸੰਬੰਧੀ ਆਪਣੇ ਪਤੀ ਦੁਨੀ ਚੰਦ ਨਾਲ ਗੁਰੂ ਨਾਨਕ ਸਾਹਿਬ ਜੀ ਦੀ ਇਸ ਇਲਾਕੇ ਵਿਚ ਆਮਦ ਬਾਰੇ ਗੱਲ ਕੀਤੀ। 'ਪੁਰਾਤਨ ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਕੀ' ਵਿਚ ਜ਼ਿਕਰ ਹੈ ਕਿ:-

***ਜੇ ਕੋਈ ਸੁਨੈ ਸੋ ਸਭੁ ਆਵੈ॥***

ਲੋਕੁ ਆਖ, ''ਕੋਈ ਖੁਦਾਇ ਦਾ ਫਕੀਰ ਪੈਦਾ ਹੋਇਆ ਹੈ। ਨਾਨਕ ਨਾਉਂ ਹੈ ਅਤੇ ਆਪਣੇ ਖੁਦਾਇ ਨਾਲ ਰੱਤਾ ਹੈ। ''ਲੋਕੁ ਬਹੁਤ ਜੁੜਿ ਆਏ। ਜੋ ਆਵੈ ਸੋ ਪਰਚ ਜਾਵੈ ਅਤੇ ਮੁਰੀਦ ਭੀ ਹੋਵਨੁ। ਜੋ ਬਾਬਾ ਸਲੋਕੁ ਕਹਿੰਦਾ ਸਾ ਸੋ ਪਰਗਟ ਹੋਏ। ਏਹੁ ਸਲੋਕੁ ਫਕੀਰ ਦਾਨਿਆਂ ਨਾਲ ਗਾਂਵਦੇ ਸੇ:

***ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ॥***

ਤਬ ਬਹੁਤ ਉਸਤਤੁ ਹੋਈ, ਜੋ ਕੋਈ ਹਿੰਦੂ, ਮੁਸਲਮਾਨ ਆਵੈ-ਜੋਗੀ, ਸੰਨਿਆਸੀ, ਬ੍ਰਹਮੁਚਾਰੀ, ਤਪੀਏ, ਤਪੀਸਰੁ, ਦਿਗੰਬਰੁ, ਬੈਸਨੋ, ਉਦਾਸੀ, ਗ੍ਰਹਸਤੀ, ਬੈਰਾਗੀ, ਖਾਨ ਖਵੀਨ, ਉਮਰਾਉ, ਕਰੋੜੀਏ, ਭੂਮੀਏ ਜੋ ਕੋਈ ਆਵੈ ਸੋ ਤਰ ਜਾਇ। ਸਭੁ ਲੋਕੁ ਉਸਤਤੁ ਕਰਨ। ਜਿੱਥੇ ਬਾਬਾ ਰਹਿੰਦਾ ਸੀ ਉਸ ਗਿਰਾਂਉਂ ਪਾਸ ਇਕ ਕਰੋੜੀਆ ਰਹਿੰਦਾ ਸੀ। ਉਨ੍ਹ ਕਹਿਆ ਜੋ, ''ਏਹੁ ਕਉਨ ਹੈ, ਜੁ ਸਭੁ ਇਸ ਦਾ ਨਾਉ ਲੈਂਦੇ ਹਨ? ਹਿੰਦੂ ਤਾਂ ਖਰਾਬੁ ਕੀਏ ਬੇ, ਪਰ ਮੁਸਲਮਾਨਾਂ ਭੀ ਈਮਾਨ ਖੋਇਆ। ਕਿਆ ਈਮਾਨੁ ਹੈ ਮੁਸਲਮਾਨਾ ਕਾ, ਜੋ ਹਿੰਦੂ ਊਪਰ ਈਮਾਨ ਰਖਦੇ ਹੈਨ, ਪਰ ਚਲੋ ਬੰਨਿ ਲੈ ਆਵੀਐ।''

ਲਾਹੌਰ ਦਾ ਰਹਿਣ ਵਾਲਾ ਇਕ ਖੱਤਰੀ ਦੁਨੀ ਚੰਦ ਕਲਾਨੌਰ ਪਰਗਨੇ ਦਾ ਹਾਕਮ ਸੀ। ਉਹ ਕਰੋੜੀ ਮੱਲ ਦੇ ਨਾਮ ਨਾਲ ਮਸ਼ਹੂਰ ਸੀ। ਕਰੋੜੀ ਮੱਲ ਗੁਰੂ ਸਾਹਿਬ ਜੀ ਨਾਲ ਈਰਖਾ ਕਰਨ ਲੱਗ ਪਿਆ। ਇਕ ਦਿਨ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੂੰ ਗ੍ਰਿਫਤਾਰ ਕਰਨ ਦੇ ਮਕਸਦ ਨਾਲ ਜਦੋਂ ਰਵਾਨਾ ਹੋਇਆ ਤਾਂ ਘੋੜੇ ਦੀ ਰਕਾਬ ਤੋਂ ਪੈਰ ਤਿਲਕਣ ਕਾਰਨ ਡਿੱਗ ਪਿਆ ਤੇ ਬੇਇੱਜ਼ਤ ਹੋਇਆ। ਅਗਲੇ ਦਿਨ ਫਿਰ ਜਦੋਂ ਦੁਬਾਰਾ ਚੜ੍ਹਿਆ ਤਾਂ ਰਸਤੇ ਵਿਚ ਦਿਸਣਾ ਬੰਦ ਹੋ ਗਿਆ। ਫਿਰ ਜਦ ਹੰਕਾਰ ਖ਼ਤਮ ਹੋ ਗਿਆ ਤਾਂ ਨਿਮਾਣਾ ਬਣ ਕੇ ਨੰਗੇ ਪੈਰੀਂ ਗੁਰੂ ਸਾਹਿਬ ਜੀ ਦੀ ਸ਼ਰਨ ਗਿਆ ਅਤੇ ਦਰਸ਼ਨ ਕਰ ਕੇ ਸ਼ਰਧਾਲੂ ਬਣ ਗਿਆ। ਪਿੰਡ ਦਾ ਪਟਾ ਲਿਖਾ ਕੇ ਉਸ ਨੇ ਆਪ ਸੂਬੇ

ਤੋਂ ਤਸਦੀਕ ਕਰਵਾ ਲਿਆਂਦਾ। ਕਰੋੜੀ ਮੱਲ ਨੇ ਧਰਮਸ਼ਾਲਾ ਵੀ ਬਣਵਾਈ। ਕਰੋੜੀ ਮੱਲ ਦੀ ਔਲਾਦ ਵਿਚੋਂ ਹੀ ਭਗਤ ਰਾਮ ਹੋਇਆ ਹੈ ਜੋ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਵਿਚ ਬਖਸ਼ੀ ਸੀ। ਜਦੋਂ ਕੋਠੇ ਤਿਆਰ ਹੋ ਗਏ ਤਾਂ ਸਤਿਗੁਰੂ ਜੀ ਇਥੇ ਆਪਣੇ ਮਾਪਿਆਂ ਨੂੰ ਲੈ ਆਏ। ਭਾਈ ਮਰਦਾਨਾ ਵੀ ਆਪਣੇ ਪਰਿਵਾਰ ਨੂੰ ਕਰਤਾਰਪੁਰ ਲੈ ਆਇਆ।

ਕਰਤਾਰਪੁਰ ਵੱਸਣ ਸਮੇਂ ਜਦ ਕੱਟੜ ਖਿਆਲਾਂ ਦੇ ਮੁਸਲਮਾਨਾਂ ਨੇ ਰੌਲਾ ਵੀ ਪਾਇਆ ਅਤੇ ਕਰੋੜੀ ਮੱਲ ਸਭ ਤੋਂ ਮੂਹਰੇ ਸੀ। ਮੁਫਤੀ ਅਲੀ-ਉਦ-ਦੀਨ ਨੇ 'ਇਬਰਤ ਨਾਮਾ' ਭਾਗ ਤੀਜੇ ਵਿਚ ਲਿਖਿਆ ਹੈ ਕਿ "ਕਰੋੜੀ ਮੱਲ ਇਹ ਆਖੀ ਫਿਰਦਾ ਸੀ ਕਿ ਇਹ ਅਜੀਬ ਮਹਾਂਪੁਰਸ਼ ਹੈ ਜਿਸ ਨੇ ਕਿ ਹਿੰਦੂ-ਮੁਸਲਮਾਨਾਂ ਦੋਹਾਂ ਦੇ ਧਰਮਾਂ ਵਿਚ ਹਲਚਲ ਮਚਾ ਦਿੱਤੀ ਹੈ। ਕੱਢ ਦਿਓ ਇਸ ਨੂੰ ਇੱਥੋਂ। "ਪਰ ਫਿਰ ਗੁਰੂ ਜੀ ਦੀ ਜਾਹਰੀ ਕਰਾਮਾਤ (ਅਜ਼ਮਤ) ਦੇਖ ਕੇ ਗੁਰੂ ਪਾਤਸ਼ਾਹ ਦਾ ਹੀ ਹੋ ਗਿਆ।

ਕਰਤਾਰਪੁਰ ਦੇ ਵੱਸਣ ਨਾਲ ਹੀ ਤਲਵੰਡੀ ਦੀ ਬਹੁਤੀ ਵੱਸੋਂ ਕਰਤਾਰਪੁਰ ਆ ਗਈ। ਉੱਥੇ ਧਰਮਸ਼ਾਲਾ ਦੇ ਬਣ ਜਾਣ ਕਾਰਨ ਆਏ-ਗਏ ਨੂੰ ਠਹਿਰਨਾ ਕੋਈ ਔਖਾ ਨਹੀਂ ਸੀ। ਬਲਵੰਡ ਜੀ ਵੀ ਇਥੇ ਆ ਗਏ ਅਤੇ ਹਰ ਰੋਜ਼ ਕੀਰਤਨ ਹੁੰਦਾ। ਕਰਤਾਰਪੁਰ ਟਿਕ ਕੇ ਗੁਰੂ ਪਾਤਸ਼ਾਹ ਨੇ ਸ਼ਬਦ ਨੂੰ ਹੀ ਦ੍ਰਿੜਾਇਆ। ਸਵੇਰ ਸਮੇਂ ਜਪੁਜੀ ਦਾ ਪਾਠ ਹੁੰਦਾ, ਦਿਨ ਦੇ ਸਮੇਂ ਕਿਰਤ ਅਤੇ ਸ਼ਾਮ ਨੂੰ ਸੋਦਰ ਤੇ ਆਰਤੀ ਗਾਈ ਜਾਂਦੀ।

ਮੁਨਸ਼ੀ ਸੋਹਣ ਲਾਲ ਦਾ ਕਹਿਣਾ ਹੈ ਕਿ ਆਤਮਕ ਸ਼ਾਂਤੀ ਲਈ ਹਰ ਸ਼ਹਿਰ ਤੇ ਹਰ ਪ੍ਰਾਂਤ ਦੇ ਲੋਕ ਆਪ ਜੀ ਦੀ ਸੇਵਾ ਵਿਚ ਹਾਜ਼ਰ ਹੁੰਦੇ ਤੇ ਖੁਸ਼ੀਆਂ ਪ੍ਰਾਪਤ ਕਰਦੇ। ਆਪ ਜੀ ਦੇ ਦੀਦਾਰ ਸਦਕਾ ਉਨ੍ਹਾਂ ਦੀਆਂ ਅੱਖਾਂ ਵਿਚ ਜਲਵਾ ਤੇ ਨੂਰਾਨੀ ਚਮਕ ਆ ਜਾਂਦੀ।

ਇਸ ਅਸਥਾਨ 'ਤੇ ਗੁਰੂ ਸਾਹਿਬ ਦੀਆਂ ਸਰਗਰਮੀਆਂ ਬਾਰੇ ਭਾਈ ਗੁਰਦਾਸ ਜੀ ਨੇ ਆਪਣੀ ਪਹਿਲੀ ਵਾਰ ਦੀਆਂ ਦੋ ਪਉੜੀਆਂ 38 ਅਤੇ 45 ਵਿਚ ਇਸ ਤਰ੍ਹਾਂ ਰੋਸ਼ਨੀ ਪਾਈ ਹੈ:-

*ਫਿਰਿ ਬਾਬਾ ਆਇਆ ਕਰਤਾਰਪੁਰਿ ਭੇਖੁ ਉਦਾਸੀ ਸਗਲੁ ਉਤਾਰਾ।*
*ਪਹਿਰਿ ਸੰਸਾਰੀ ਕਪੜੇ ਮੰਜੀ ਬੈਠਿ ਕੀਆ ਅਵਤਾਰਾ।...*
*ਗਿਆਨੁ ਗੋਸਟਿ ਚਰਚਾ ਸਦਾ ਅਨਹਦਿ ਸਬਦਿ ਉਠੇ ਧੁਨਕਾਰਾ।*
*ਸੋਦਰੁ ਆਰਤੀ ਗਾਵੀਐ ਅੰਮ੍ਰਿਤ ਵੇਲ ਜਾਪੁ ਉਚਾਰਾ।*
*ਗੁਰਮੁਖਿ ਭਾਰ ਅਥਰਬਣਿ ਤਾਰਾ।੩੮॥*
*ਜਾਗਤਿ ਕਰਿ ਮੁਲਤਾਨ ਦੀ ਫਿਰਿ ਕਰਤਾਰ ਪੁਰੇ ਨੋ ਆਇਆ।*
*ਚੜ੍ਹੇ ਸਵਾਈ ਦਿਹਿ ਦਿਹੀ ਕਲਿਜੁਗਿ ਨਾਨਕ ਨਾਮੁ ਧਿਆਇਆ।...*
*ਥਾਪਿਆ ਲਹਿਣਾ ਜੀਵਦੇ ਗੁਰਿਆਈ ਸਿਰਿ ਛਤ੍ਰ ਫਿਰਾਇਆ॥*
*ਜੋਤੀ ਜੋਤਿ ਮਿਲਾਇਕੈ ਸਤਿਗੁਰ ਨਾਨਕ ਰੂਪ ਵਟਾਇਆ॥*
(੪੫)

ਕਰਤਾਰਪੁਰ ਆ ਕੇ ਗੁਰੂ ਪਾਤਸ਼ਾਹ ਨੇ ਪੀਰਾਂ-ਫਕੀਰਾਂ ਵਾਲੇ ਕਪੜੇ ਲਾਹ ਦਿੱਤੇ ਤੇ ਆਮ ਸੰਸਾਰੀ ਲੋਕਾਂ ਵਾਲੇ ਕੱਪੜੇ ਪਾ ਲਏ। ਗੁਰੂ ਪਾਤਸ਼ਾਹ ਜੀ ਨੇ ਕਰਤਾਰਪੁਰ ਦੀ ਸਥਾਪਨਾ ਭਾਵੇਂ ਪਹਿਲੀ ਉਦਾਸੀ ਤੋਂ ਬਾਅਦ ਹੀ ਕੀਤੀ ਸੀ ਪਰ ਆਪਣੀਆਂ ਉਦਾਸੀਆਂ (ਪ੍ਰਚਾਰ ਫੇਰੀਆਂ) ਪੂਰੀਆਂ ਕਰਨ ਤੋਂ ਬਾਅਦ ਗੁਰੂ ਜੀ ਪੱਕੇ ਤੌਰ 'ਤੇ ਕਰਤਾਰਪੁਰ ਰਹਿਣ ਲੱਗੇ ਸੀ। ਸੋਢੀ ਮਿਹਰਬਾਨ ਵਾਲੀ ਸਾਖੀ ਮੁਤਾਬਕ ਸਵੇਰੇ-ਸ਼ਾਮ ਕੀਰਤਨ ਹੁੰਦੇ, ਬਾਣੀਆਂ ਪੜ੍ਹੀਆਂ ਜਾਂਦੀਆਂ ਸਨ। ਗੁਰੂ ਨਾਨਕ ਪਾਤਸ਼ਾਹ ਦੂਜੀ, ਤੀਜੀ ਅਤੇ ਚੌਥੀ ਉਦਾਸੀ ਲਈ ਕਰਤਾਰਪੁਰ ਤੋਂ ਹੀ ਰਵਾਨਾ ਹੋਏ ਸਨ।

ਕਰਤਾਰਪੁਰ ਸਾਹਿਬ ਸਿੱਖੀ ਦਾ ਸਭ ਤੋਂ ਪਹਿਲਾ ਸਥਾਨ ਹੈ, ਜੋ ਪਾਕਿਸਤਾਨ ਦੀ ਸਰਹੱਦ ਅੰਦਰ ਰਾਵੀ ਦਰਿਆ ਕੰਢੇ ਮੌਜੂਦ ਹੈ। ਇਥੇ ਸ੍ਰੀ ਗੁਰੂ ਨਾਨਕ ਸਾਹਿਬ ਜੀ 18 ਸਾਲ ਰਹੇ ਤੇ ਸੱਚ ਤੇ ਧਰਮ ਦੀ ਨੀਂਹ ਰੱਖੀ। ਕਰਤਾਰਪੁਰ ਵੱਸਣ ਤੋਂ ਬਾਅਦ ਰੋਜ਼ਾਨਾ ਬਹੁਤ ਸਾਰੀ ਸੰਗਤ ਪਹੁੰਚਦੀ ਤੇ ਦਰਸ਼ਨ ਦੀਦਾਰੇ ਕਰਦੀ। ਸੰਗਤਾਂ ਗੁਰੂ ਜੀ ਦੇ ਕੋਲ ਰਹਿ ਕੇ ਮਨ ਦੇ ਸ਼ੰਕੇ ਦੂਰ ਕਰਦੀਆਂ। ਪਰ ਭਾਈ ਗੁਰਦਾਸ ਜੀ ਨੇ ਵੀਹ ਸਿੱਖਾਂ ਦਾ ਜ਼ਿਕਰ ਕੀਤਾ ਹੈ ਜਿਨ੍ਹਾਂ ਨੇ ਜੀਵਨ-ਪਦਵੀ ਪਾਈ। ਉਨ੍ਹਾਂ ਵਿਚ-ਭਾਈ ਤਾਰੂ ਜੀ, ਭਾਈ ਮੂਲਾਂ ਕੀੜ, ਭਾਈ ਪ੍ਰਿਥਾ, ਭਾਈ ਖੇਡਾ, ਭਾਈ ਮਰਦਾਨ, ਭਾਈ ਰਾਮਾ ਡਿਡੀ, ਭਾਈ ਦੌਲਤ

ਖਾਨ, ਭਾਈ ਮਾਲੋ, ਭਾਈ ਮਾਂਗਾ ਜੀ, ਭਾਈ ਕਾਲੂ ਖੱਤਰੀ, ਭਾਈ ਭਗਤਾ ਜਾਪੁ, ਭਾਈ ਵੰਸੀ, ਭਾਈ ਸੀਹਾਂ, ਭਾਈ ਗੱਜਣ ਉੱਪਲ, ਭਾਈ ਭਗੀਰਥ, ਭਾਈ ਅਜਿੱਤਾ, ਬਾਬਾ ਬੁੱਢਾ ਜੀ, ਭਾਈ ਫਿਰਣਾ ਜੀ ਅਤੇ ਭਾਈ ਜੋਧ ਜੀ ਦਾ ਨਾਮ ਆਉਂਦਾ ਹੈ। ਭਾਈ ਗੁਰਦਾਸ ਜੀ ਨੇ ਇਸ ਸੂਚੀ ਰਾਹੀਂ ਦੱਸਿਆ ਹੈ ਕਿ ਸ੍ਰੀ ਗੁਰੂ ਨਾਨਕ ਸਾਹਿਬ ਜੀ ਕੋਲ ਹਰ-ਜਾਤ, ਹਰ-ਦੇਸ਼, ਹਰ-ਧਰਮ, ਹਰ-ਪ੍ਰਕਾਰ ਦੇ ਲੋਕ ਆਉਂਦੇ ਅਤੇ ਉਪਦੇਸ਼ ਪ੍ਰਾਪਤ ਕਰ ਕੇ ਆਪਣਾ ਜੀਵਨ ਸੁਆਰਦੇ। ਮੁਹਸਿਨ ਫਾਨੀ ਨੇ ਇਸੇ ਲਈ 'ਦਾਬਿਸਤਾਨ-ਏ-ਮਜਾਹਿਬ' ਵਿਚ ਲਿਖਿਆ ਹੈ ਕਿ ''ਜੋ ਨਾਨਕ ਦੇ ਰਾਹ ਤੁਰ ਪੈਂਦੇ ਸਨ ਉਨ੍ਹਾਂ ਨੂੰ ''ਕਰਤਾਰੀ'' ਕਿਹਾ ਜਾਂਦਾ ਸੀ। ਮੰਨਣ ਵਾਲੇ ਇਕ ਤਾਂ ਕਰਤਾਰ ਵਾਹਿਗੁਰੂ ਦੇ ਉਪਾਸਕ ਹੁੰਦੇ ਹਨ, ਦੂਜੇ ਕਰਤਾਰਪੁਰ ਦੀ ਮਰਯਾਦਾ ਹੀ ਆਪਣੇ ਨਗਰਾਂ ਤੇ ਜੀਵਨ ਵਿਚ ਨਿਭਾਉਂਦੇ ਸਨ।''

ਕਰਤਾਰਪੁਰ ਦੀ ਮਰਯਾਦਾ ਸਮਝਣੀ ਕੋਈ ਐਖਾ ਕੰਮ ਨਹੀਂ ਸੀ। ਕਈ ਕਰਤਾਰਪੁਰ ਆਉਂਦੇ ਗੁਰੂ ਜੀ ਨੂੰ ਖੇਤਾਂ ਵਿਚ ਹੱਲ ਵਾਹੁੰਦਿਆਂ ਦੇਖ ਕੇ ਵਾਪਸ ਚਲੇ ਜਾਂਦੇ। ਕੋਈ ਗੁਰੂ ਜੀ ਨੂੰ ਗ੍ਰਿਹਸਥੀ ਦੇਖ ਨੱਕ ਚੜ੍ਹਾਉਂਦੇ। ਇਕ ਵਾਰ ਇਕ ਸਾਧੂਆਂ ਦੀ ਮੰਡਲੀ ਆਈ ਤੇ ਉਨ੍ਹਾਂ ਨੇ ਗੁਰੂ ਜੀ ਦੇ ਮਿੱਟੀ ਵਿਚ ਲਿੱਬੜੇ ਹੱਥ 'ਤੇ ਸੇਵਕਾਂ ਨੂੰ ਲੱਕੜਾਂ ਪਾੜਦੇ ਤੇ ਲੰਗਰ ਤਿਆਰ ਕਰਦੇ ਦੇਖ ਕਿਹਾ, ''ਗੁਰੂ ਨਾਨਕ ਤੁਸੀਂ ਤਾਂ ਸਾਨੂੰ (ਜਾਨਵਰ) ਪਾਲ ਰੱਖੇ ਹਨ।'' ਗੁਰੂ ਜੀ ਨੇ ਉੱਤਰ ਦੇਣ ਦੀ ਥਾਂ ਉਸ ਟੋਲ ਦੇ ਮੁੱਖੀ ਨੂੰ ਕੁਝ ਦਿਨ ਹੋਰ ਟਿਕਣ ਲਈ ਕਿਹਾ ਅਤੇ ਜਦ ਉਹ ਕੁਝ ਦਿਨਾਂ ਬਾਅਦ ਵਾਪਸ ਜਾਣ ਲੱਗੇ ਤਾਂ ਉਸ ਟੋਲੀ ਦੇ ਮੁੱਖੀ ਨੇ ਕਿਹਾ, ''ਨਾਨਕ ਜੀ, ਤੁਸੀਂ ਤਾਂ ਇਨਸਾਨ ਪਾਲ ਰੱਖੇ ਹਨ।'' ਮਹਾਰਾਜ ਨੇ ਕੁਝ ਦਿਨ ਰਹਿਣ ਲਈ ਕਿਹਾ। ਜਦੋਂ ਫਿਰ ਜਾਣ ਲੱਗੇ ਤਾਂ ਉਨ੍ਹਾਂ ਨੇ ਕਿਹਾ ਕਿ ਗੁਰੂ ਨਾਨਕ ਜੀ ਤੁਸੀਂ ਤਾਂ ਦੇਵਤੇ ਪਾਲ ਰੱਖੇ ਹਨ। ''ਮਹਾਰਾਜ ਨੇ ਕੁਝ ਦਿਨ ਹੋਰ ਟਿਕਣ ਲਈ ਕਿਹਾ। ਜਦ ਉਹ ਅੰਤਿਮ ਵਿਦਾਇਗੀ ਲੈਣ ਲੱਗੇ ਤਾਂ ਸਾਰੇ ਗੁਰੂ ਪਾਤਸ਼ਾਹ ਦੇ ਚਰਨਾਂ 'ਤੇ ਝੁਕ ਗਏ ਤੇ ਇਕ ਜ਼ੁਬਾਨ ਨਾਲ ਬੋਲ ਉੱਠੇ ਕਿ- ''ਮਹਾਰਾਜ ਤੁਸੀਂ ਤਾਂ ਪ੍ਰਮਾਤਮਾ ਦੇ ਰੂਪ ਪਾਲੇ ਹੋਏ ਹਨ। ''ਭਾਈ ਵੀਰ ਸਿੰਘ ਜੀ ਨੇ ਲਿਖਿਆ ਕਿ- ''ਗੁਰੂ ਨਾਨਕ ਜਗਤ ਵਿਚ ਆਇਆ ਅਸੀਂ ਪਸ਼ੂ ਸਾਂ ਸਾਨੂੰ ਆਦਮੀ ਬਣਾਇਆ। ਫਿਰ ਆਦਮੀ ਤੋਂ ਸਾਨੂੰ ਦੇਵਤਾ ਬਣਾ ਦਿੱਤਾ। ਸਾਡਾ ਹੁਣ ਧਰਮ ਇਹ ਹੈ ਕਿ ਧਰਮ ਦੀ ਕਿਰਤ ਕਰੀਏ, ਨਾਮ ਜਪੀਏ ਅਤੇ ਵੰਡ ਛਕੀਏ।''

ਸ੍ਰੀ ਗੁਰੂ ਨਾਨਕ ਪਾਤਸ਼ਾਹ ਨੇ ਕਰਤਾਰਪੁਰ ਦੀ ਧਰਤੀ 'ਤੇ ਇਨਕਲਾਬ ਲਿਆਂਦਾ ਜਦੋਂ ਪੁੱਤਰਾਂ ਨੂੰ ਛੱਡ ਭਾਈ ਲਹਿਣਾ ਜੀ ਨੂੰ ਗੁਰਗੱਦੀ ਬਖ਼ਸ਼ੀ। ਇਸੇ ਧਰਤੀ 'ਤੇ ਗੁਰੂ ਨਾਨਕ ਪਾਤਸ਼ਾਹ 22 ਸਤੰਬਰ, 1539 ਈ: ਨੂੰ ਜੋਤੀ ਜੋਤ ਸਮਾਏ। ਆਰਚਰ ਦੇ ਕਹਿਣ ਮੁਤਾਬਿਕ ਕੇਵਲ ਇਕ ਗੁਰੂ ਨਾਨਕ ਜੀ ਹਨ ਜਿਨ੍ਹਾਂ ਨੇ ਆਪਣੀ ਹਯਾਤੀ ਵਿੱਚ ਜਾਨਸ਼ੀਨ ਚੁਣਿਆ ਅਤੇ ਉਸ ਜ਼ਿੰਮੇ ਕੰਮ ਲਗਾਇਆ ਕਿ ਉਹ ਉਨ੍ਹਾਂ ਪਾਵਨ ਅਸੂਲਾਂ ਨੂੰ ਸਾਂਭੇ ਤੇ ਪ੍ਰਚਾਰ ਕਰੇ।

ਗੁਰੂ ਨਾਨਕ ਦੇਵ ਜੀ ਦੇ ਅਕਾਲ ਚਲਾਣੇ ਬਾਅਦ ਕਾਫੀ ਝਗੜਾ ਹੋਇਆ ਪਰ ਸਮੇਂ ਸਿਰ ਨਜਿੱਠ ਲਿਆ ਗਿਆ। ਰਾਬਰਟ ਐਨ.ਕਸਟ ਲਿਖਦਾ ਹੈ ਕਿ, ''ਸੰਸਾਰ ਵਿਚ ਕਿਧਰ ਇਹ ਨਹੀਂ ਦੇਖਿਆ ਜਾ ਸਕਦਾ ਕਿ ਇੱਕੋ ਪੁਰਸ਼ ਦਾ ਮਕਬਰਾ ਤੇ ਸਮਾਧ ਬਣੀ ਹੋਵੇ ਤੇ ਇਹ ਦੀਵਾਰ ਸਾਂਝੀ ਹੋਵੇ। ''ਗੁਰੂ ਜੀ ਨੂੰ ਸ਼ਾਇਦ ਇਹ ਨਹੀਂ ਸੀ ਭਾਂਵਦਾ ਕਿ ਉਨ੍ਹਾਂ ਦੀ ਸਮਾਧ ਜਾਂ ਮਕਬਰਾ ਬਣੇ। ਕਈ ਯਤਨ ਹੋਏ ਕਿ ਸਮਾਧ ਜਾਂ ਨਿਸ਼ਾਨੀ ਬਣ ਜਾਵੇ, ਪਰ ਰਾਵੀ ਨੇ ਪੇਸ਼ ਨਾ ਜਾਣ ਦਿੱਤੀ। ਰਾਵੀ ਗੁਰੂ ਜੀ ਦਾ ਸੰਦੇਸ਼ ਅਠਾਰ੍ਹਾਂ ਸਾਲ ਸੁਣਦੀ ਰਹੀ, ਉਹ ਝੂਠੀਆਂ ਨਿਸ਼ਾਨੀਆਂ ਕਿਵੇਂ ਕਾਇਮ ਰਹਿਣ ਦਿੰਦੀ। ਮਰਾਠੀ ਵਿਦਵਾਨ ਮਹੀਪਤ ਨੇ ਭਗਤ ਲੀਲਾਮ੍ਰਿਤ ਵਿਚ ਲਿਖਿਆ ਹੈ ਕਿ ''ਗੁਰੂ ਨਾਨਕ ਨੂਰ ਸੀ ਤੇ ਉਸ ਦਾ ਕੋਈ ਪਰਛਾਵਾਂ ਨਹੀਂ ਸੀ।''

ਗੁਰੂ ਨਾਨਕ ਪਾਤਸ਼ਾਹ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਹਿੰਦੂਆਂ ਤੇ ਮੁਸਲਮਾਨਾਂ ਨੇ ਸਮਾਧ ਤੇ ਕਬਰ ਤਿਆਰ ਕਰਵਾ ਦਿੱਤੀ। ਸੰਨ 1684 ਈਸਵੀ ਨੂੰ ਰਾਵੀ ਦੇ ਹੜ੍ਹ ਕਾਰਨ ਸਮਾਧ ਤੇ ਕਬਰ ਦਾ ਬਹੁਤ ਨੁਕਸਾਨ ਹੋਇਆ। ਸਿੱਖ ਮੰਨਦੇ ਹਨ ਕਿ ਇਹ ਵੀ ਗੁਰੂ ਸਾਹਿਬ ਜੀ

ਦੀ ਹੀ ਕਰਨੀ ਸੀ, ਕਿਉਂਕਿ ਗੁਰੂ ਸਾਹਿਬ ਗੋਰਾਂ ਅਤੇ ਮੜ੍ਹੀਆਂ ਪੂਜੇ ਜਾਣ ਦੇ ਖਿਲਾਫ ਸਨ ਪਰ ਫਿਰ ਵੀ ਬੇਦੀਆਂ ਨੇ ਕਰਤਾਰਪੁਰ ਤੋਂ ਭਸਮ ਵਾਲੀ ਗਾਗਰ ਲਿਆ ਕੇ ਪੱਖੋਕੇ ਦੇ ਨੇੜੇ ਦਫ਼ਨਾ ਦਿੱਤੀ। ਜਿੱਥੇ ਅੱਜ ਕਲ ਸਰਜੀ ਦੇ ਖੂਹ ਉੱਪਰ ਗੁਰਦੁਆਰਾ ਦੇਹੁਰਾ ਸਾਹਿਬ ਮੌਜੂਦ ਹੈ।

ਡੇਹਰੇ ਸਾਹਿਬ ਵਾਲੀ ਦਰਬਾਰ ਸਾਹਿਬ ਦੀ ਇਮਾਰਤ ਮਹਾਰਾਜਾ ਰਣਜੀਤ ਸਿੰਘ ਦੇ ਹੁਕਮ ਅਨੁਸਾਰ ਜਰਨੈਲ ਸਰਦਾਰ ਸੁਧ ਸਿੰਘ ਨੇ ਸੰਮਤ 1884 ਵਿੱਚ ਬਣਵਾਈ ਅਤੇ ਮਹਾਰਾਜੇ ਵਲੋਂ ਸੋਨੇ ਦੀ ਪਾਲਕੀ ਦੀ ਸੇਵਾ ਕਰਵਾਈ ਗਈ। ਕਰਤਾਰਪੁਰ ਸਾਹਿਬ ਗੁਰਦੁਆਰੇ ਦੀ ਸੇਵਾ-ਸੰਭਾਲ ਲਈ 375 ਰੁਪਏ ਸਲਾਨਾ ਜਗੀਰ ਤੇ 70 ਘੁਮਾਉਂ ਜ਼ਮੀਨ ਸਿੱਖ ਰਾਜ ਸਮੇਂ ਲਗਾਈ ਗਈ ਤੇ ਇਸ ਦਾ ਸਾਰਾ ਪ੍ਰਬੰਧ ਇਕ ਉਦਾਸੀ ਸਾਧੂ ਦੇ ਸਪੁਰਦ ਕੀਤਾ ਗਿਆ। ਕਰਤਾਰਪੁਰ ਦੀ ਮੌਜੂਦਾ ਇਮਾਰਤ ਦੀ ਮਰੰਮਤ ਵੱਡੇ ਪੱਧਰ ਤੇ ਲਾਲਾ ਸ਼ਾਮ ਦਾਸ ਨੇ ਸੰਨ 1911 ਈ: ਨੂੰ ਕਰਵਾਈ ਸੀ ਅਤੇ ਫਿਰ ਸੰਨ 1922-23 ਨੂੰ ਲਾਲ ਰਾਮ ਦਾਸ ਨੇ ਹੀ ਇਥੇ ਮੌਜੂਦ ਗੁਰੂ ਦਰਬਾਰ ਸਮੇਤ ਹੋਰ ਅਨੇਕਾਂ ਸੰਬੰਧਿਤ ਕਮਰੇ ਬਣਵਾਏ।

ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲਣ ਦੇ ਨਾਲ ਜਿੱਥੇ ਗੁਰੂ ਨਾਨਕ ਨਾਮ-ਲੇਵਾ ਸੰਗਤਾਂ ਕਰਤਾਰਪੁਰ ਸਾਹਿਬ ਦੇ ਦਰਸ਼ਨ-ਦੀਦਾਰੇ ਕਰ ਸਕਣਗੀਆਂ, ਉੱਥੇ ਗੁਰੂ ਨਾਨਕ ਪਾਤਸ਼ਾਹ ਦਾ ਸੰਦੇਸ਼ ਹੀ ਦੋਨਾਂ ਦੇਸ਼ਾਂ ਵਿਚ ਸ਼ਾਂਤੀ ਲਿਆਉਣ ਵਿਚ ਸਹਾਈ ਹੋ ਸਕਦਾ ਹੈ।

ਧੰਨਵਾਦ ਸਹਿਤ

ਹਰਵਿੰਦਰ ਸਿੰਘ ਖਾਲਸਾ
98155-33725

---

# ਗੁਰੂ ਨਾਨਕ ਦੇਵ ਜੀ ਦੇ 550ਵੇਂ ਆਗਮਨ ਦੀ ਸਭ ਨੂੰ ਲੱਖ ਲੱਖ ਵਧਾਈ ਹੋਵੇ ਜੀ

---

## ਕੇਸਾਂ ਦੀ ਬੇਅਦਬੀ ਕਰਨ ਵਾਲੇ ਸਿੱਖ ਭੈਣੋ ਤੇ ਭਰਾਵੋ

### *ਕੀ ਤੁਸੀਂ ਆਪਣੇ ਸੁਨਹਿਰੀ ਇਤਿਹਾਸਕ ਵਿਰਸੇ ਨੂੰ ਭੁੱਲ ਗਏ ਹੋ?*

*ਕੀ ਆਪ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਆਦੇਸ਼, ਭਾਈ ਤਾਰੂ ਸਿੰਘ ਜੀ ਦਾ ਕੇਸਾਂ ਬਦਲੇ ਖੋਪਰੀ ਲੁਹਾਉਣਾ, ਹਜ਼ਾਰਾਂ ਸਿੰਘਾਂ-ਸਿੰਘਣੀਆਂ ਦਾ ਕੇਸਾਂ ਖਾਤਰ ਸ਼ਹੀਦੀਆਂ ਦੇਣਾ, ਚਰਖੜੀਆਂ 'ਤੇ ਚੜ੍ਹ ਜਾਣਾ, ਆਰੇ ਨਾਲ ਚਿਰਵਾਏ ਜਾਣਾ, ਤੇ ਬੰਦ ਬੰਦ ਕਟਵਾਉਣਾ ਯਾਦ ਨਹੀਂ ਰਿਹਾ?*

### *ਕੀ ਤੁਸੀਂ ਉਨ੍ਹਾਂ ਬਹਾਦਰਾਂ ਦੀ ਸੰਤਾਨ ਨਹੀਂ ਹੋ?*

**ਜ਼ਰਾ ਸੋਚੋ !** **ਆਪਣੇ ਆਪ ਨੂੰ ਸੁਧਾਰੋ ! ਕੇਸਾਂ ਦੀ ਬੇਅਦਬੀ ਰੋਕੋ ਅਤੇ ਇਸ ਗੌਰਵਮਈ ਇਤਿਹਾਸ ਦਾ ਹਿੱਸਾ ਬਣ ਜਾਓ !**

# भक्त रविदास जी की भक्ति-विचारधारा

-स. गुरप्रीत सिंघ भोमा

श्री गुरु ग्रंथ साहिब विश्व के धार्मिक एवं साहित्यिक ग्रंथों में विशेष महत्वपूर्ण है। इस में विभिन्न बाणीकारों की बाणी है जो जोकि 31 रागों पर आधारित है। यह बाणी आध्यात्मिक गुणों का ही नहीं मानवीय गुणों का भी बखान करती है। भक्त रविदास जी इन बाणीकारों में से एक हैं। भक्त रविदास जी के श्री गुरु ग्रंथ साहिब में 40 शबद हैं। जिनका मुख्य विषय परमात्मा के अस्तित्व के बारे में जानकारी के अलावा नाम-सिमरन, प्रभु-प्रेम, परमात्मा से मिलाप के साथ-साथ किस प्रकार परमात्मा की कृपा से सांसारिक पदार्थों का, माया की तृष्णा का, दुविधा, दुख-कलेश आदि का सर्वनाश किया जा सकता है, आदि है।

सामान्यत: भक्त रविदास जी एक क्रांतिकारी, समाज-सुधारक और धर्मोपदेशक के रूप में विख्यात हैं। उन्होंने जहां अपनी बाणी द्वारा परमात्मा से मिलन की अवस्था का व्याख्यान किया है वहीं आनंद-मग्न समाज का भी सुंदर चित्रण किया है। दैवी एवं नैतिक गुणों का अनुसरण करने की प्रेरणा आपकी बाणी में मिलती है।

आओ, भक्त रविदास जी की बाणी के कुछ मुख्य सिद्धांतों को अवलोकित करें:

1. परमात्मा एवं जीव का सम्बंध : भक्त रविदास जी ने अपनी बाणी में मुख्य रूप में परमात्मा की उपमा का ही वर्णन किया है। उनके सारे शबद दैवी प्रेम से ओत-प्रोत हैं। उनके अनुसार परमात्मा के अस्तित्व के बारे में कोई भ्रांति नहीं है अपितु हम सब में मौजूद है, इसलिए परमात्मा और जीव में कोई अंतर नहीं है।

भक्त रविदास जी परमात्मा और अपने (जीव) में कोई विभिन्नता न समझते हुए कहते हैं, हे परमात्मा! तेरे और मेरे में कौन-सी भिन्नता है? हम दोनों एक ही हैं। हमारा तुम्हारे साथ वहीं सम्बंध है जो सोने के कड़े का सोने (स्वर्ण) के साथ और पानी (समुद्र) का पानी की तरंगों के साथ होता है। कहने से तात्पर्य, सोने का कड़ा भी मूल रूप में सोना ही होता है और पानी की तरंगें भी पानी ही होती हैं:

***तोही मोही मोही तोही अंतरु कैसा॥***
***कनक कटिक जल तरंग जैसा॥ (पन्ना १३)***

भक्त जी प्रभु को पवित्र, कृपालु, दयालु परोपकारी मानते हुए फरमान करते हैं:

***-हम सरि दीनु दइआलु न तुम सरि...।***
**(पन्ना ६८६)**

-

***हउ अउगन तुम्ह उपकारी॥ (पन्ना ४८६)***

2) परमात्मा सर्वनिवासी है: भक्त रविदास जी अपनी बाणी में मानव को उपदेश करते हुए फरमान करते हैं कि परमात्मा सृष्टि के हर कण में मौजूद है। उसने ही सृष्टि की रचना की है और वही उसमें निवास कर रहा है। परमात्मा ने ही सृष्टि में अनेक रूप वाले प्राणी बनाये

हैं। उन सब में परमात्मा स्वयं ही मौजूद है। हर जगह पर विद्यमान होकर वो संसार के हर रंग को देख रहा है। वो हमसे जरा भी दूर नहीं है, हमारे हाथों से भी समीप है और जो कुछ भी जगत में घटित हो रहा हो सब कुछ उसकी रज़ा में ही हो रहा है:

***सरबे एकु अनेकै सुआमी सभ घट भुोगवै सोई॥***
***कहि रविदास हाथ पै नेरै सहजे होइ सु होई॥***

**(पन्ना ६५८)**

3) मानव-जीवन का लक्ष्य : बड़ी विडंबना की बात है कि जीवात्मा अहंकाररत होकर परमात्मा से दूर होती जाती है, सांसारिक विषय-विकारों के बंधन में बंध जाती है और यह भूल ही जाती है कि संसार में आने का मुख्य लक्ष्य क्या है। भक्त जी मनुष्य को इन विषय-विकारों में न फंसने से आगाह करते हुए कहते हैं कि मानव-जीवन का मुख्य लक्ष्य है- परमात्मा की प्राप्ति तथा उसका नाम-सिमरन करके उसकी भक्ति करने में लीन रहना। आगे वे बड़े ज़ोरदार शब्दों में कहते हैं कि मानव जीवन दुर्लभ है। इसको पदार्थ एकत्र करने में, धन-संपति एकत्र करने में व्यर्थ नहीं गंवाना चाहिए। धन-पदार्थ सब यही रह जाने वाले हैं:

**करि बंदिगी छडि मै मेरा॥**
**हिरदै नामु सम्हारि सवेरा॥**

**(पन्ना ७९४)**

***मानुखा अवतार दुलभ तिही संगति पोच॥***

**(पन्ना ४८६)**

4) संसार नश्वर है: भक्त रविदास जी संसार को मिथ्या मानते हैं। वे कहते हैं कि इस संसार की प्रत्येक वस्तु नाशवान है। इस संसार की सृजना करने वाला प्रभु और उसका नाम ही सात्विक एवं स्थाई है जिसका कदापि नाश नहीं हो सकता। जगत को नाशवान मानते हुए भक्त जी इसकी तुलना कसुंभे के पुष्प से करते हैं कि जिस प्रकार कसुंभे के पुष्प का रंग कुछ ही समय के लिए होता है अर्थात् अस्थाई होता है, उसी तरह संसार भी कुछ समय के लिए है अर्थात् नाशवान है, मिथ्या है, केवल मेरे प्रभु का नाम-रंग ही मजीठ रंग की भांति है अर्थात् सर्वदा कायम रहने वाला है:

***जैसा रंगु कसुंभ का तैसा इहु संसारु॥***
***मेरे रमईए रंगु मजीठ का कहु रविदास चमार॥***

**(पन्ना ३४६)**

5) प्रभु नीचों को भी ऊँचा करने के लिए समर्थ है: इस मिथ्या संसार में मनुष्य द्वारा बनाए गए तथाकथित नीच, गरीब आदि लोगों को संसार के तथाकथित उच्च जाति के लोग बुरा समझते हैं अर्थात् उनसे नफरत करते हैं। वे उनकी परछाईं भी अपने तन पर नहीं पड़ने देते। वे उसके स्पर्श-मात्र से अपना जन्म भ्रष्ट हुआ समझते हैं। अपने सद्गुणों के कारण जो भी मनुष्य प्रभु-भक्ति करता है, प्रभु उसे ही गले से लगा लेते हैं। भक्त रविदास जी ने गरीबों का एक-मात्र सहारा परमात्मा को मानते हुए सब कुछ उसी पर छोड़ दिया है। भक्त रविदास जी फरमान करते हैं कि प्रभु गरीबों को भी यश प्रदान कर देता है, उनके सर पर भी छत्र झुला देता है। हे प्रभु! ऐसा कार्य तेरे अतिरिक्त अन्य कौन कर सकता है अर्थात् कोई नहीं:

***ऐसी लाल तुझ बिनु कउनु करै॥***
***गरीब निवाजु गुसईआ मेरा माथै छत्रु धरै॥***

**(पन्ना ११०६)**

6) सद्गुणों को ग्रहण करना : भक्त रविदास जी कहते हैं कि परमात्मा को पाने के लिए सद्गुणों को ग्रहण करना अनिवार्य है, क्योंकि सद्गुणों को ग्रहण किए बिना कोई भी मनुष्य धर्मी नहीं बन सकता। श्री गुरु नानक देव जी का फरमान है कि ''विणु गुण कीते भगति न होइ।।'' अर्थात् अच्छे गुणों को धारण किए बिना प्रभु-भक्ति

असंभव है। भक्त जी भी बताते हैं कि हमे मन, बाणी एवं कार्यों द्वारा होने वाली बुराइयों से बचना चाहिए, मन में बुरे ख्याल नहीं आने देने चाहिएँ, अपने मुख द्वारा बुरे शब्द नहीं बोलने चाहिएँ और न ही ऐसे कार्य करने चाहिएँ जिससे किसी अन्य का बुरा हो या उसका परिणाम बुरा हो। हमें संत-जनों द्वारा बताए हुए सत्यता के मार्ग पर ही चलना चाहिए:

***-मन बच क्रम रस कसहि लुभाना॥***

(पन्ना ४८७)

***- संत आचरण संत चो मारगु...***

(पन्ना ४८६)

भक्त जी आगे उपदेश करते हैं कि हमें मुख्य रूप से प्रेम, दया एवं सेवा आदि गुणों को ग्रहण करना चाहिए। परमात्मा से प्रेम पाने के लिए मनुष्य-मात्र से प्रेम करना चाहिए, क्योंकि मनुष्य परमात्मा द्वारा ही बनाए हुए हैं

***प्रेमु जाइ तउ डरपै तेरो जनु॥ (पन्ना ४८६)***

7) अवगुणों को त्यागना : भक्त रविदास जी ने जहां सेवा, सिमरन, दया, प्रेम, परोपकार आदि सद्गुणों को धारण करने को कहा है वही अवगुणों का त्याग करना भी अति आवश्यक माना है। अवगुण मनुष्य के हर मार्ग में बाधा डालते हैं, चाहे वो आध्यात्मिक हो या सामाजिक। मनुष्य-मात्र को भ्रम, निंदा, चुगली, अहंकार, पाप आदि को त्यागना चाहिए, क्योंकि ये मनुष्य की सामाजिक प्रगति में रुकावट तो डालते ही हैं, आध्यात्मिक क्षेत्र (प्रभु-मिलन) में भी रुकावट बनते हैं।

भक्त रविदास जी कहते हैं कि हे प्रभु! जितनी देर तक हम जीवों के मन में अहंकार उपस्थित रहता है उतनी देर तक तुम हमारे हृदय में प्रकट नहीं हो सकते, कंतु जब तुम हमारे हृदय में प्रकट हो जाते हो तो मैं (अहंकार) सदैव के लिए मिट जाता है:

***जब हम होते तब तू नाही अब तूही मै नाही॥***

(पन्ना ६५७)

भक्त जी ने दूसरों की निंदा करने को भी बहुत बड़ा अवगुण माना है:

***जे ओहु अठसठि तीरथ न्हावै॥***
***जे ओहु दुआदस सिला पूजावै॥***
***जे ओहु कूप तटा देवावै॥***
***करै निंद सभ बिरथा जावै॥***
***साध का निंदकु कैसे तरै॥***
***सरपर जानहु नरक ही परै॥***

(पन्ना ८७५)

8) प्रभु से प्रीति: भक्त रविदास जी उपदेश करते हैं कि मनुष्य की प्रभु से प्रीति (प्रेम) होनी चाहिए। परमात्मा का नाम प्रतिपल हृदय में बसाये रखना, हमेशा उसे अपने अंग-संग समझना, सर्वदा उसका नाम-सिमरन करते रहना ही प्रभु से प्रीति है और यह प्रीति प्रभु की कृपा से ही बनी रह सकती है।

भक्त रविदास जी परमात्मा से अपनी प्रीति का बखान करते हुए कहते हैं कि हे प्रभु! तेरी और मेरी प्रीति इतनी प्रगाढ़ है कि अगर तू एक सुंदर पहाड़ है तो मैं उस पहाड़ का मोर हूं एवं तुझे देखकर खुशी से नृत्य करता हूं। तेरी-मेरी प्रीति चंद एवं चकोर की तरह है। तू चांद (शशि) है तो मैं तेरी चकोर हूं। तुझे देखकर ही मैं प्रसन्नता से बोलता हूं। तेरा-मेरा प्रेम बहुत बढ़ गया है। अब तू मुझसे नाता न तोड़ेगा तो मैं भी तेरे से जुदा नहीं हो सकता। मैं तुम से नाता तोड़कर और किसके साथ जोड़ सकता हूं? अन्य कोई

तुम्हारे जैसा है ही नहीं है जिसके के लिए मैं तुझे छोड़ सकता हूं:

***जउ तुम गिरिवर तउ हम मोरा॥***
***जउ तुम चंद तउ हम भए है चकोरा॥***
***माधवे तुम न तोरहु तउ हम नहीं तोरहि॥***
***तुम सिउ तोरि कवन सिउ जोरहि॥***

**(पन्ना ६५८)**

9) प्रभु का भक्त : प्रभु का नाम-सिमरन प्रभु-भक्त को इतना महान बना देता है कि उसके तुल्य अन्य कोई नहीं हो सकता। भक्त रविदास जी कहते हैं कि चाहे दुनिया का बड़ा विद्वान हो या विजेंद्र शूरवीर, चाहे छत्रपति नरेश हो या कोई भी मनुष्य, परमात्मा के भक्त के बराबर नहीं हो सकता अर्थात् प्रभु का भक्त सबसे उत्कृष्ट है। आगे वह कहते हैं कि भक्त-जनों का जन्म लेना ही विश्व में मुबारक है। वे तो प्रभु के चरणों में रहकर ही जी सकते हैं, जैसे चुपत्ती पानी के पास रहकर भी हरी रह सकती है:

**पंडित सूर छत्रपति राजा भगत बराबरि अउरु न कोइ॥**
**जैसे पुरैन पात रहै जल समीप भनि रविदास जनमे जगि ओइ॥**

**(पन्ना ८५८)**

10) प्रभु भक्तों के प्यार में बंधा है : प्यार मात्र शब्दों तक ही सीमित नहीं है, यह एक अद्वितीय वस्तु है। प्रेम के मार्ग द्वारा ही भक्त-जन अपने प्रभु तक पहुंचते हैं। जिस प्रकार भक्त-जन अपना स्वभाव मिटाकर अपने प्रभु के प्यार में लीन रहते हैं उसी प्रकार परमात्मा भी अपने भक्तजनों से बहुत प्रेम करता है, वो भी अपने भक्तजनों के साथ प्रेम की डोर में बंधा हुआ है। प्रभु-भक्ति रंगे हुए भक्त रविदास जी परमात्मा को कहते हैं कि हे प्रभु! तेरे भक्त जैसा प्यार तेरे साथ करते हैं वो तुमसे छिपा हुआ नहीं रह सकता, तुम इसे अच्छी तरह से जानते हो। हम तुम्हारे मोह की डोर से बंधे हुए हैं और हमने तुम्हें भी अपने प्यार की डोरी से बांध लिया है। हम तो तुम्हें सिमर कर मोह (विषय-विकारों) के जाल से निकल जाएंगे, परंतु तुम हमारे प्यार के जाल से किस प्रकार निकलोगे?

**जउ हम बांधे मोह फास हम प्रेम बधनि तुम बाधे॥**
**अपने छूटन को जतनु करहु हम छूटे तुम आराधे॥**

**(पन्ना ६५८)**

भक्त रविदास जी ने भक्ति-विचारधारा के बारे में बड़ी गहराई से मानव-प्रेरणा की है। इसी विचारधारा से ही प्रभु-गुणों से सम्पन्न हुआ जा सकता है।

---

# ਕਲਿ ਤਾਰਣ ਗੁਰੁ ਨਾਨਕ ਆਇਆ

# ਕੇਸ ਸੰਭਾਲ ਪ੍ਰਚਾਰ ਸੰਸਥਾ ਨੇ 'ਇੰਡੀਆ ਬੁੱਕ ਆਫ਼ ਰਿਕਾਰਡਜ਼' 'ਚ ਕਰਵਾਇਆ ਨਾਂਅ ਦਰਜ

**12 ਹਜ਼ਾਰ ਤੋਂ ਵਧੇਰੇ ਨੌਜਵਾਨਾਂ ਨੂੰ ਦਸਤਾਰ ਸਜਾਉਣ ਦੀ ਦੇ ਚੁੱਕੇ ਸਿਖਲਾਈ**

ਅੰਮ੍ਰਿਤਸਰ, 21 ਜਨਵਰੀ (ਸੁਰਿੰਦਰਪਾਲ ਸਿੰਘ ਵਰਪਾਲ)-ਪਿਛਲੇ 20 ਸਾਲਾਂ ਤੋਂ ਬਿਨਾਂ ਕੋਈ ਫੀਸ ਲਏ ਨੌਜਵਾਨਾਂ ਤੇ ਬੱਚਿਆਂ ਨੂੰ ਵੱਖ-ਵੱਖ ਪ੍ਰਕਾਰ ਦੀਆਂ ਪੱਗਾਂ ਬੰਨਣ ਦੀ ਸਿਖਲਾਈ ਦੇ ਰਹੀ ਕੇਸ ਸੰਭਾਲ ਪ੍ਰਚਾਰ ਸੰਸਥਾ ਨੇ 'ਇੰਡੀਆ ਬੁੱਕ ਆਫ਼ ਰਿਕਾਰਡਜ਼ 2020' 'ਚ ਆਪਣਾ ਨਾਂਅ ਦਰਜ ਕਰਵਾਇਆ ਹੈ। ਇਸ ਸਬੰਧੀ ਖੁਸ਼ੀ ਦਾ ਇਜ਼ਹਾਰ ਕਰਦਿਆਂ ਟ੍ਰੇਨਰ ਗੁਰਪਿੰਦਰ ਸਿੰਘ ਨੇ ਦੱਸਿਆ ਕਿ ਖ਼ਾਲਸਾ ਪੰਥ ਦੇ 300 ਸਾਲਾ ਸਾਜਨਾ ਦਿਵਸ ਤੇ ਕੇਸ ਸੰਭਾਲ ਪ੍ਰਚਾਰ ਸੰਸਥਾ ਦੇ ਸੰਸਥਾਪਕ ਸੁਰਿੰਦਰਜੀਤ ਸਿੰਘ 'ਪਾਲ' ਦੀ ਅਗਵਾਈ ਹੇਠ ਦਸਤਾਰ ਸਜਾਉਣ ਸਿਖਲਾਈ ਕੇਂਦਰ ਦੀ ਸ਼ੁਰੂਆਤ ਕੀਤੀ ਸੀ ਜਿਸ 'ਚ ਹੁਣ ਤੱਕ 12 ਹਜ਼ਾਰ ਤੋਂ ਵਧੇਰੇ ਨੌਜਵਾਨਾਂ ਨੂੰ ਦਸਤਾਰ ਸਜਾਉਣ ਦੀ ਸਿਖਲਾਈ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਸੱਚ ਸੈਂਟਰ ਈ-ਬਲਾਕ, ਰਣਜੀਤ ਐਵੀਨਿਊ ਵਿਖੇ ਚੱਲ ਰਿਹਾ ਇਹ ਸੈਂਟਰ ਸਨਮਾਨ ਹਾਸਲ ਕਰਨ ਵਾਲਾ ਭਾਰਤ ਦਾ ਪਹਿਲਾ ਦਸਤਾਰ ਸਿਖਲਾਈ ਕੇਂਦਰ ਹੈ। ਸੰਸਥਾ ਦੇ ਟਰੱਸਟੀ ਸ਼ਰਨਜੀਤ ਕੌਰ 'ਪਾਲ' ਤੇ ਜੱਜਬੀਰ ਸਿੰਘ ਆਹਲੂਵਾਲੀਆ ਅਨੁਸਾਰ ਵਿਦੇਸ਼ਾਂ ਤੋਂ ਵੀ ਲੋਕ ਦਸਤਾਰਾਂ ਬੰਨਣ ਦੀ ਜਾਣਕਾਰੀ ਲਈ ਇਥੇ ਆਉਂਦੇ ਹਨ। ਸੰਸਥਾ ਦੀ ਅੰਮ੍ਰਿਤਸਰ ਇਕਾਈ ਦੇ ਪ੍ਰਧਾਨ ਸੁਖਦੇਵ ਸਿੰਘ ਸੰਧਾਵਾਲੀਆਂ ਨੇ ਦੱਸਿਆ ਕਿ ਨੌਜਵਾਨਾਂ 'ਚ ਦਸਤਾਰਾਂ ਪ੍ਰਤੀ ਮਾਣ ਮਹਿਸੂਸ ਕਰਵਾਉਣ ਲਈ ਸੰਸਥਾ ਸਮੇਂ-ਸਮੇਂ ਤੇ ਸੁੰਦਰ ਦਸਤਾਰ ਬੰਨਣ ਦੇ ਮੁਕਾਬਲੇ ਵੀ ਕਰਵਾਉਂਦੀ ਰਹਿੰਦੀ ਹੈ ਤੇ ਲੋੜਵੰਦ ਬੱਚਿਆਂ ਨੂੰ ਵੱਖ-ਵੱਖ ਰੰਗਾਂ ਦੀਆਂ ਦਸਤਾਰਾਂ ਮੁਫ਼ਤ ਵੰਡਦੀ ਹੈ।

## ਹੋਟਲ ਮੈਨੇਜਰ ਖ਼ਿਲਾਫ਼ ਪਰਚਾ ਦਰਜ

ਅੰਮ੍ਰਿਤਸਰ, 21 ਜਨਵਰੀ (ਰੇਸ਼ਮ ਸਿੰਘ)-ਬਿਨਾਂ ਸ਼ਨਾਖਤੀ ਸਬੂਤ ਦੇ ਹੋਟਲ 'ਚ ਯਾਤਰੂ ਠਹਿਰਾਉਣ ਵਾਲੇ ਇਕ ਹੋਟਲ ਦੇ ਮੈਨੇਜਰ ਖ਼ਿਲਾਫ਼ ਪੁਲਿਸ ਨੇ ਪਰਚਾ ਦਰਜ ਕੀਤਾ ਹੈ। ਸਬ ਇੰਸ: ਪਰਮਿੰਦਰ ਸਿੰਘ ਨੇ ਦੱਸਿਆ ਕਿ ਉਕਤ ਮੈਨੇਜਰ ਜੋ ਕਿ ਗਾਹਕਾਂ ਪਾਸੋਂ ਬਿਨਾਂ ਆਈ. ਡੀ. ਕਾਰਡ ਜਾਂ ਕਿਸੇ ਹੋਰ ਦਸਤਾਵੇਜ਼ ਦੇ ਕਮਰੇ ਦਿੰਦਾ ਸੀ, ਜਿਸ ਕਾਰਨ ਕਿਸੇ ਤਰ੍ਹਾਂ ਦੀ ਕੋਈ ਘਟਨਾ ਵਾਪਰ ਸਕਦੀ ਹੈ ਪੁਲਿਸ ਵਲੋਂ ਇਹ ਮਾਮਲਾ ਥਾਣਾ ਬੀ ਡਵੀਜ਼ਨ ਵਿਖੇ ਦਰਜ ਕਰ ਕੇ ਬਲਜਿੰਦਰ ਸਿੰਘ ਮੈਨੇਜਰ ਐਮ. ਜੇ. ਤਰਨਤਾਰਨ ਰੋਡ ਨੂੰ ਨਾਮਜ਼ਦ ਕਰ ਲਿਆ ਹੈ।

# अमृतसर का टिनी सा टर्बन टाइंग केंद्र 'इंडिया बुक ऑफ रिकार्ड-2020' के पन्ने में दर्ज

अमृतसर, 13 जनवरी (आहूजा) : कुछ कर गुजरने का जज्बा विरले इंसान ही रखते हैं। गुरु रामदास जी द्वारा बसाई नगरी अमृतसर में एक टिनी सा टर्बन टाइंग केंद्र अपनी मेहनत और जज्बे से इंडिया बुक ऑफ रिकार्ड 2020 के सुनहरे पन्ने में दर्ज हो गया है जो एस.जी.पी.सी. और अन्य सिख संगठनों के लिए पूरे गौरव की बात है। यह भारत का पहला केन्द्र है जिसे इतना बड़ा सम्मान मिला है। यह केन्द्र बिना ब्रेक 20 साल से बिना चार्ज लिए अलग-अलग स्टाइल में पगड़ी बांधना सिखाते हुए रिकार्ड तोड़ने में कामयाब हुआ है।

महाराजा रणजीत सिंह शेर-ए-पंजाब के परिवार से संबंधित सुखदेव सिंह संधावालिया इस केश संभाल प्रचार संस्था के नाम पर एन.जी.ओ. की शुरुआत 1999 में की थी। यह संस्था खालसा पंथ के 300 साल पूरे होने की खुशी में शुरू की थी। इसका मकसद दस्तार की महत्वता को विश्व में पहुंचाना और दस्तान सिखो की शान बताते हुए युवाओं को दस्तार के रुझान प्रति प्रेरित करना रहा है। कई युवा दस्तार सजाने की ट्रेनिंग न होने पर अपने केश कत्ल करवा देते थे, उनको रोकना था।

इसी नीति तहत संस्था ने पूरी तरह साफ नीयत के साथ 14 जनवरी 1999 को सेवानिवृत्त इंकम टैक्स कमिश्नर सुरिंदरपाल सिंह पाल द्वारा गुरु नानक वाड़ा में एक छोटा-सा कमरा किराए पर लेकर फ्री दस्तार ट्रेनिंग केन्द्र का आगाज किया गया जो बाद में भाई वीर मैमोरियल हाल लारेंस रोड पर शिफ्ट कर दिया गया। यहां पर पॉश कालोनियों के अलावा स्लम कालोनियों के बच्चों और युवाओं ने दस्तार बांधने की ट्रेनिंग लेकर गुरसिखी बाणा धारण किया। यहां पर गुरपिंदर सिंह नाम टीचर को ट्रेनर नियुक्त किया गया।

अब इस संस्था का केंद्र रणजीत एवेन्यू के ई-ब्लाक में शिफ्ट हो गया है। इस संस्था ने आज तक 12000 से ज्यादा नौनिहालों को दस्तार बांधने की सिखलाई दी है जिसमें सिख और सहजधारी परिवार शामिल हैं। ट्रस्टी शरणजीत कौर बताती हैं कि विदेशों से भी लोग इस संस्था द्वारा दी जा रही टर्बन सिखलाई बारे जानकारी लेने आते हैं। ट्रस्टी जजबीर सिंह वालिया के अनुसार यह संस्था दस्तार को सजाने की प्रतियोगिताएं करवाकर पूरे भारत में दस्तार का महत्व पहुंचा चुका है। यह संस्था जरूरतमंद परिवारों के बच्चों को ट्रेनिंग के साथ दस्तार भी फ्री में प्रदान करती है ताकि ऐसे बच्चे दस्तार को बांध कर दस्तार की शोभा के प्रतीक बनकर दुनिया में प्रेरणा का स्रोत बनें।

**एस.जी.पी.सी. और डी.एस.जी.पी.सी. भी दस्तार ट्रेनिंग केन्द्र खोले : जजबीर सिंह**



संस्था के ट्रस्टी जजबीर सिंह की मांग है कि एस.जी.पी.सी., डी.एस.जी.पी.सी. व पी.एस.जी.पी.सी. सिख कौम की धार्मिक संस्थाएं हैं। उनको भी गंभीरता से विचार करते हुए दस्तार ट्रेनिंग केन्द्र अपने-अपने क्षेत्रों में खोलकर दस्तार का प्रचार करना चाहिए।

**Here are some of the photographs of Turban Tying training & the interviews given by the Trustees in regards to this training centre finding a place in India book of records 2020**














Printed by : Jiwan Printers, Asr. Ph. 0183-5011003